ਅੱਜ ਦਾ ਸ਼ੁਭ ਵਿਚਾਰ



ਕਿਸੇ ਨਾਲ ਈਰਖਾ ਕਰਕੇ ਅਸੀਂ ਉਸ ਦਾ ਕੁੱਝ ਨਹੀਂ ਵਿਗਾੜ ਸਕਦੇ ਪਰ ਆਪਣਾ ਸੁੱਖ ਚੈਨ ਜ਼ਰੂਰ ਗਵਾ ਲੈਂਦੇ ਹਾਂ

ਅਮਨਦੀਪ ਮਹਿਰਾ

ਰੋਜ਼ਾਨਾ ਲੋਕ ਬਾਣੀ
www.lokbani.com

ਸੱਚ ਤੇ ਨਿਡਰ ਆਵਾਜ਼

ਰੋਜ਼ਾਨਾ

# ਲੋਕ ਬਾਣੀ

DAILY LOKBANI JALANDHAR
ਮੁੱਖ ਸੰਪਾਦਕ : ਅਮਨਦੀਪ ਮਹਿਰਾ


ਬੁੱਧਵਾਰ, 04 ਸਤੰਬਰ 2024

ਰੋਜ਼ਾਨਾ ਲੋਕ ਬਾਣੀ ਨੂੰ ਪੱਤਰਕਾਰਾਂ ਦੀ ਲੋੜ
99155-94111

R. N. I. Punpun/29016/2008 ✶ ਸਾਲ 16 , ✶ ਅੰਕ : 89, ✶ ਮੁੱਲ : 6 ਰੁਪਏ ✶ ਕੁੱਲ ਪੇਜ: 10 ✶ ਦਫਤਰ : 0181–2211009 ✶ M : 99155-94111

DIPS IMT
DIPS INSTITUTE OF MANAGEMENT & TECHNOLOGY
RAMNEEK AVENUE, PATHANKOT BYE PASS
JALANDHAR CITY
www.dipsimt@gmail.com ( dipsimt@gmail.com )
CONTACT : 95010-00697 , 97806-00998

## ਰੂਸੀ ਹਮਲੇ ਦੌਰਾਨ ਪੋਲਟਾਵਾ ਚ 41 ਲੋਕਾਂ ਦੀ ਹੋਈ ਮੌਤ



**ਯੂਕਰੇਨ, ਲੋਕ ਬਾਣੀ**--: ਯੂਕਰੇਨ ਦੇ ਰਾਸ਼ਟਰਪਤੀ ਜ਼ੇਲੈਂਸਕੀ ਨੇ ਕਿਹਾ ਕਿ ਪੋਲਟਾਵਾ ਸ਼ਹਿਰ ਤੇ ਰੂਸੀ ਹਮਲੇ ਦੇਨਾਲ 180 ਤੋਂ ਵੱਧ ਲੋਕ ਜ਼ਖਮੀ ਹੋਏ ਅਤੇ 41 ਲੋਕਾਂ ਦੀ ਮੌਤ ਹੋ ਗਈ। ਐਕਸ ਤੇ ਇਕ ਪੋਸਟ ਸਾਂਝਾ ਕਰਦੇ ਹੋਏ, ਉਨ੍ਹਾਂ ਦੱਸਿਆ ਕਿ ਉਸ ਨੂੰ ਪੋਲਟਾਵਾ ਵਿਚ ਇਕ ਰੂਸੀ ਹਮਲੇ ਬਾਰੇ ਜਾਣਕਾਰੀ ਮਿਲੀ ਸੀ ਜਿਸ ਵਿਚ ਇਕ ਵਿਦਿਅਕ ਸੰਸਥਾ ਅਤੇ ਇਕ ਨੇੜਲੇ ਹਸਪਤਾਲ ਨੂੰ ਨਿਸ਼ਾਨਾ ਬਣਾਇਆ ਗਿਆ ਸੀ, ਜਿਸ ਨਾਲ ਦੂਰਸੰਚਾਰ ਸੰਸਥਾ ਦੀਆਂ ਇਮਾਰਤਾਂ ਵਿਚੋਂ ਇਕ ਨੂੰ ਅੰਸ਼ਕ ਤੌਰ ਤੇ ਤਬਾਹ ਕਰ ਦਿੱਤਾ ਗਿਆ

## ਉੱਤਰੀ ਕੋਰੀਆ ਨੇ ਨਵੇਂ ਖਤਰਨਾਕ ਡਰੋਨ ਦਾ ਕੀਤਾ ਪ੍ਰਦਰਸ਼ਨ



**ਸਿਓਲ, ਲੋਕ ਬਾਣੀ** -- ਉੱਤਰੀ ਕੋਰੀਆ ਦੇ ਨੇਤਾ ਕਿਮ ਜੋਂਗ ਉਨ ਨੇ ਟੀਚੇ ਨੂੰ ਨਿਸ਼ਾਨਾ ਬਣਾਉਣ ਵਿੱਚ ਸਮਰੱਥ ਨਵੇਂ ਧਮਾਕਾਖੇਜ਼ ਡਰੋਨ ਦਾ ਪ੍ਰਦਰਸ਼ਨ ਦੇਖਿਆ। ਸਰਕਾਰੀ ਮੀਡੀਆ ਨੇ ਅੱਜ ਇਹ ਜਾਣਕਾਰੀ ਦਿੱਤੀ। ਉੱਧਰ, ਅਮਰੀਕਾ ਤੇ ਦੱਖਣੀ ਕੋਰੀਆ ਨੇ ਸਾਂਝਾ ਫੌਜੀ ਅਭਿਆਸ ਕੀਤਾ।

ਉੱਤਰੀ ਕੋਰੀਆ ਦੀਆਂ ਪਰੀਖਣ ਸਬੰਧੀ ਤਸਵੀਰਾਂ ਵਿੱਚ ਸਫੈਦ ਡਰੋਨ ਦਿਖ ਰਿਹਾ ਹੈ, ਜਿਸ ਦਾ ਪਿਛਲਾ ਹਿੱਸਾ 'ਐਕਸ' ਆਕਾਰ ਹੈ ਅਤੇ ਉਸ ਦੇ ਖੰਭ ਕਥਿਤ ਤੌਰ 'ਤੇ ਦੱਖਣੀ ਕੋਰੀਆ ਦੇ ਮੁੱਖ ਕੇ-2 ਜੰਗੀ ਟੈਂਕ ਵਰਗੇ ਦਿਖਣ ਵਾਲੇ ਟੀਚੇ ਨਾਲ ਟਕਰਾਅ ਕੇ ਉਸ ਨੂੰ ਨਸ਼ਟ ਕਰਦੇ ਨਜ਼ਰ ਆ ਰਹੇ ਹਨ। ਜ਼ਿਆਦਾਤਰ ਜੰਗੀ ਡਰੋਨ ਟੀਚੇ ਤੋਂ ਦੂਰ ਖੜ੍ਹੇ ਹੋ ਕੇ ਮਿਜ਼ਾਈਲਾਂ ਦਾਗਦੇ ਹਨ।

## ਰੇਲਵੇ ਸੁਰੱਖਿਆ ਬਲ ਦੇ ਸਿਪਾਹੀ ਨੇ ਕੀਤੀ ਆਤਮਹੱਤਿਆ



**ਗੁਹਾਟੀ, ਲੋਕ ਬਾਣੀ**-ਰੇਲਵੇ ਸੁਰੱਖਿਆ ਬਲ (ਆਰ.ਪੀ.ਐਸ.ਐਫ.) ਦੇ ਇਕ ਜਵਾਨ ਨੇ ਸਿਲਚਰ ਰੇਲਵੇ ਸਟੇਸ਼ਨ ਤੇ ਕਥਿਤ ਤੌਰ ਤੇ ਆਪਣੀ ਸਰਵਿਸ ਰਿਵਾਲਵਰ ਨਾਲ ਖ਼ੁਦ ਨੂੰ ਗੋਲੀ ਮਾਰ ਲਈ। ਜਵਾਨ, ਜਿਸ ਦੀ ਪਛਾਣ ਸਾਨੁਜ ਪੰਵਾਰ ਵਜੋਂ ਹੋਈ ਹੈ, ਨੂੰ ਹਾਲ ਹੀ ਵਿਚ ਲੁਮਡਿੰਗ ਤੋਂ ਸਿਲਚਰ ਦੇ ਡਿਪਟੀ ਚੀਫ਼ ਇੰਜੀਨੀਅਰ ਦੇ ਦਫ਼ਤਰ ਵਿਚ ਤਬਦੀਲ ਕੀਤਾ ਗਿਆ ਸੀ। ਉੱਤਰ ਪ੍ਰਦੇਸ਼ ਦੇ ਰਹਿਣ ਵਾਲੇ ਪੰਵਾਰ ਨੇ ਆਪਣੀ ਡਿਊਟੀ ਦੌਰਾਨ ਕਥਿਤ ਤੌਰ ਤੇ ਖੁਦ ਨੂੰ ਗੋਲੀ ਮਾਰ ਲਈ ਅਤੇ ਮੌਕੇ ਤੇ ਹੀ ਉਸ ਦੀ ਮੌਤ ਹੋ ਗਈ। ਘਟਨਾ ਦੇ ਪਿੱਛੇ ਦੇ ਕਾਰਨਾਂ ਦਾ ਅਜੇ ਤਕ ਪਤਾ ਨਹੀਂ ਲੱਗ ਸਕਿਆ।

## ਕੋਰਟ ਦੀ ਚੌਥੀ ਮੰਜ਼ਿਲ ਤੋਂ ਡਿੱਗਣ ਕਾਰਨ ਵਕੀਲ ਦੀ ਹੋਈ ਮੌਤ



**ਫਰੀਦਾਬਾਦ, ਲੋਕ ਬਾਣੀ**--ਇਥੋਂ ਦੇ ਸੈਕਟਰ 12 ਸਥਿਤ ਅਦਾਲਤ ਦੀ ਚੌਥੀ ਮੰਜ਼ਿਲ ਤੋਂ ਡਿੱਗਣ ਨਾਲ 50 ਸਾਲਾ ਵਕੀਲ ਦੀ ਮੌਤ ਹੋ ਗਈ। ਉਨ੍ਹਾਂ ਦੱਸਿਆ ਕਿ ਮ੍ਰਿਤਕ ਦੀ ਪਛਾਣ ਮਹੇਸ਼ ਵਜੋਂ ਹੋਈ ਹੈ। ਪੁਲਿਸ ਦੇ ਬੁਲਾਰੇ ਨੇ ਦੱਸਿਆ ਕਿ ਪੁਲਿਸ ਦੀ ਟੀਮ ਨੇ ਮੌਕੇ ਤੇ ਪਹੁੰਚ ਕੇ ਲਾਸ਼ ਨੂੰ ਕਬਜ਼ੇ ਚ ਲੈ ਕੇ ਪੋਸਟਮਾਰਟਮ ਲਈ ਬਾਦਸ਼ਾਹ ਖਾਨ ਸਿਵਲ ਹਸਪਤਾਲ ਦੀ ਮੋਰਚਰੀ ਚ ਰਖਵਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਅਸੀਂ ਮਾਮਲੇ ਦੀ ਅਗਲੇਰੀ ਜਾਂਚ ਸ਼ੁਰੂ ਕਰ ਦਿੱਤੀ ਹੈ। ਅਜੇ ਤੱਕ ਇਹ ਖੁਲਾਸਾ ਨਹੀਂ ਹੋਇਆ ਹੈ ਕਿ ਮਹੇਸ਼ ਨੇ ਅਦਾਲਤ ਦੀ ਚੌਥੀ ਮੰਜ਼ਿਲ ਤੋਂ ਛਾਲ ਮਾਰੀ ਸੀ ਜਾਂ ਕਿਸੇ ਨੇ ਉਸਨੂੰ ਧੱਕਾ ਦਿੱਤਾ ਸੀ। ਇਸ ਤੋਂ ਇਲਾਵਾ ਅਸੀਂ ਪਰਿਵਾਰਕ ਮੈਂਬਰਾਂ ਦੇ ਬਿਆਨ ਦਰਜ ਕਰ ਰਹੇ ਹਾਂ। ਅਧਿਕਾਰੀ ਨੇ ਅੱਗੇ ਕਿਹਾ ਕਿ ਪੁਲਿਸ ਦੀਆਂ ਟੀਮਾਂ ਆਲੇ-ਦੁਆਲੇ ਦੀ ਸੀ.ਸੀ.ਟੀ.ਵੀ. ਫੁਟੇਜ ਚੈੱਕ ਕਰ ਰਹੀ ਹੈ।

## ਹਾਈਕੋਰਟ ਨੇ ਪਿੰਡਾਂ ਤੇ ਸ਼ਹਿਰਾਂ ਚ ਉੱਗ ਰਹੇ ਭੰਗ ਬਾਰੇ ਲਿਆਂ ਸਖਤ ਨੋਟਿਸ



**ਚੰਡੀਗੜ੍ਹ, ਵਿਨੋਦ ਸ਼ਰਮਾ**--ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਪਿੰਡਾਂ ਅਤੇ ਸ਼ਹਿਰਾਂ ਵਿਚ ਆਮ ਤੌਰ ਤੇ ਉੱਗ ਰਹੇ ਭੰਗ ਦੇ ਪੌਦਿਆਂ ਦੀ ਨਸ਼ਿਆਂ ਲਈ ਵਰਤੋਂ ਦਾ ਨੋਟਿਸ ਲਿਆ ਹੈ। ਹਾਈਕੋਰਟ ਨੇ ਪੰਜਾਬ, ਹਰਿਆਣਾ ਅਤੇ ਚੰਡੀਗੜ੍ਹ ਨੂੰ ਇਸ ਮਾਮਲੇ ਵਿਚ ਮਾਹਿਰਾਂ ਦੀ ਸਲਾਹ ਲੈਣ ਲਈ ਕਿਹਾ ਹੈ। ਇਸ ਦੇ ਨਾਲ ਹੀ ਕੋਰਟ ਨੇ ਪੌਦਿਆਂ ਨੂੰ ਪੱਕੇ ਤੌਰ ਤੇ ਕਿਵੇਂ ਨਸ਼ਟ ਕੀਤਾ ਜਾਵੇ ਪੰਜਾਬ, ਹਰਿਆਣਾ ਅਤੇ ਚੰਡੀਗੜ੍ਹ ਤੋਂ ਜਾਣਕਾਰੀ ਮੰਗੀ ਹੈ।

## ਪੰਜਾਬ ਵਿੱਚ ਜੰਗਲ ਰਾਜ ਦਿਨ ਦਿਹਾੜੇ ਤਿੰਨ ਦੀ ਹਤਿਆ



ਜਸਪ੍ਰੀਤ ਕੌਰ ਦਿਲਦੀਪ ਆਕਾਸ਼ਦੀਪ


**ਫਿਰੋਜ਼ਪੁਰ, ਲੋਕ ਬਾਣੀ**- ਇਸ ਸ਼ਹਿਰ ਦੇ ਕੰਬੋਜ ਨਗਰ ਇਲਾਕੇ ਵਿੱਚ ਅੱਜ ਦਿਨ-ਦਿਹਾੜੇ ਤਿੰਨ ਮੋਟਰਸਾਈਕਲਾਂ 'ਤੇ ਸਵਾਰ ਛੇ ਹਮਲਾਵਰਾਂ ਨੇ ਕਾਰ 'ਤੇ ਅੰਨ੍ਹੇਵਾਹ ਗੋਲੀਆਂ ਚਲਾ ਦਿੱਤੀਆਂ। ਇਸ ਹਮਲੇ ਵਿੱਚ ਕਾਰ ਸਵਾਰ ਲੜਕੀ ਸਣੇ ਤਿੰਨ ਜਣਿਆਂ ਦੀ ਮੌਤ ਹੋ ਗਈ, ਜਦਕਿ ਦੋ ਹੋਰ ਗੰਭੀਰ ਜ਼ਖ਼ਮੀ ਹੋ ਗਏ। ਮਰਨ ਵਾਲੀ ਲੜਕੀ ਦਾ 27 ਅਕਤੂਬਰ ਨੂੰ ਵਿਆਹ ਸੀ, ਜਿਸ ਕਰ ਕੇ ਸਾਰਾ ਪਰਿਵਾਰ ਵਿਆਹ ਦੀਆਂ ਤਿਆਰੀਆਂ ਵਿੱਚ ਰੁੱਝਿਆ ਹੋਇਆ ਸੀ।

## ਜਲੰਧਰ ਚ ਜੱਗੂ ਭਗਵਾਨਪੁਰੀਆ ਦਾ ਸਾਥੀ ਕਾਬੂ




**ਜਲੰਧਰ, ਬਿੱਟੂ ਫੋਲੜੀਵਾਲ** --ਪੰਜਾਬ ਦੇ ਖ਼ਤਰਨਾਕ ਗੈਂਗਸਟਰ ਜੱਗੂ ਭਗਵਾਨਪੁਰੀਆ ਦਾ ਸੱਜਾ ਹੱਥ ਕਹੇ ਜਾਂਦੇ ਗੈਂਗਸਟਰ ਕਨੂੰ ਗੁੱਜਰ ਨੂੰ ਜਲੰਧਰ ਪੁਲਸ ਨੇ ਐਨਕਾਊਂਟਰ ਤੋਂ ਬਾਅਦ ਗ੍ਰਿਫਤਾਰ ਕਰ ਲਿਆ ਹੈ। ਮਿਲੀ ਜਾਣਕਾਰੀ ਮੁਤਾਬਕ ਜਲੰਧਰ ਦੇ 66 ਫੁੱਟੀ ਰੋਡ ਤੇ ਹੈਮਿਲਟਨ ਟਾਵਰ ਕੋਲ ਜਦੋਂ ਪੁਲਸ ਗੈਂਗਸਟਰ ਕਨੂੰ ਨੂੰ ਗ੍ਰਿਫਤਾਰਨ ਕਰਨ ਪਹੁੰਚੀ ਤਾਂ ਉਸ ਨੇ ਪੁਲਸ ਤੇ ਗੋਲੀ ਚਲਾ ਦਿੱਤੀ। ਇਸ ਦੌਰਾਨ ਪੁਲਸ ਦੀ ਜਵਾਬੀ ਗੋਲੀਬਾਰੀ ਚ ਕਨੂੰ ਗੁੱਜਰ ਗੰਭੀਰ ਰੂਪ ਚ ਜ਼ਖਮੀ ਹੋ ਗਿਆ, ਜਿਸ ਨੂੰ ਇਲਾਜ ਲਈ ਹਸਪਤਾਲ ਦਾਖਲ ਕਰਵਾਇਆ ਗਿਆ ਹੈ। ਪੁਲਸ ਸੂਤਰਾਂ ਮੁਤਾਬਕ ਗੈਂਗਸਟਰ ਕਤਲ, ਜ਼ਬਰੀ ਵਸੂਲੀ ਅਤੇ ਧੌਂਸਬਾਜ਼ੀ ਸਮੇਤ ਘਿਨਾਉਣੇ ਹੋਰ ਅਪਰਾਧਾਂ ਦੇ ਕਈ ਮਾਮਲਿਆਂ ਵਿਚ ਲੋੜੀਂਦਾ ਸੀ।

## ਹਰਿਆਣਾ ਚ ਕਾਂਗਰਸ ਤੇ ਆਪ ਦਾ ਹੋ ਸਕਦਾ ਹੈ ਸਮਝੌਤਾ




**ਚੰਡੀਗੜ੍ਹ, ਵਿਨੋਦ ਸ਼ਰਮਾ** -- ਆਮ ਆਦਮੀ ਪਾਰਟੀ ਦੇ ਆਗੂ ਅਤੇ ਰਾਜ ਸਭਾ ਮੈਂਬਰ ਸੰਜੈ ਸਿੰਘ ਨੇ ਅੱਜ ਉਨ੍ਹਾਂ ਖ਼ਬਰਾਂ ਦਾ ਸਵਾਗਤ ਕੀਤਾ ਹੈ, ਜਿਨ੍ਹਾਂ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਕਾਂਗਰਸੀ ਆਗੂ ਰਾਹੁਲ ਗਾਂਧੀ ਨੇ ਹਰਿਆਣਾ ਵਿੱਚ ਅਰਵਿੰਦ ਕੇਜਰੀਵਾਲ ਦੀ ਅਗਵਾਈ ਵਾਲੀ ਪਾਰਟੀ ਨਾਲ ਗੱਠਜੋੜ ਦੀ ਸੰਭਾਵਨਾ ਵਿੱਚ ਰੁਚੀ ਦਿਖਾਈ ਹੈ। ਸੰਜੇ ਸਿੰਘ ਨੇ ਮੀਡੀਆ ਨਾਲ ਗੱਲਬਾਤ ਦੌਰਾਨ ਕਿਹਾ ਕਿ ਭਾਜਪਾ ਨੂੰ ਹਰਾਉਣਾ ਸਾਰੀਆਂ ਵਿਰੋਧੀ ਪਾਰਟੀਆਂ ਦੀ ਤਰਜੀਹ ਹੈ ਅਤੇ ਗੱਠਜੋੜ ਦੇ ਸਬੰਧ ਵਿੱਚ ਕੋਈ ਵੀ ਫੈਸਲਾ 'ਆਪ' ਦੇ ਕੌਮੀ ਕਨਵੀਨਰ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਮਨਜ਼ੂਰੀ ਨਾਲ ਹੋਵੇਗਾ।

## ਨਸ਼ਾ ਤਸਕਰੀ ਦੇ ਦੋਸ਼ ਹੇਠ ਚਾਰ ਕਾਬੂ



**ਫਿਲੌਰ, ਲੋਕ ਬਾਣੀ**--: ਨਸ਼ਿਆਂ ਨੂੰ ਜੜ੍ਹੋਂ ਖਤਮ ਕਰਨ ਲਈ ਸ਼ੁਰੂ ਕੀਤੀ ਮੁਹਿੰਮ ਤਹਿਤ ਗੰਨਾਪਿੰਡ 'ਚੋਂ ਪੁਲੀਸ ਨੇ 2 ਔਰਤਾਂ ਸਣੇ ਚਾਰ ਜਣਿਆਂ ਨੂੰ ਨਸ਼ਾ ਤਸਕਰੀ ਦੇ ਦੋਸ਼ ਹੇਠ ਕਾਬੂ ਕੀਤਾ ਹੈ। ਮੁਲਜ਼ਮਾਂ ਕੋਲੋਂ ਇੱਕ ਕਾਰ ਆਈ-20 ਵੀ ਬਰਾਮਦ ਕੀਤੀ ਹੈ। ਇਸ ਮੁਹਿੰਮ ਤਹਿਤ ਇੱਕ ਸ਼ਰਾਬ ਤਸਕਰ ਪਾਸੋਂ 192 ਬੋਤਲਾਂ ਨਾਜਾਇਜ਼ ਸ਼ਰਾਬ ਵੀ ਬਰਾਮਦ ਕੀਤੀ ਹੈ। ਪੁਲੀਸ ਮੁਤਾਬਿਕ ਮੁੱਢਲੀ ਪੁੱਛ-ਗਿੱਛ ਦੌਰਾਨ ਇਹ ਗੱਲ ਸਾਹਮਣੇ ਆਈ ਕਿ ਇਹ ਮੁਲਜ਼ਮ ਕਾਫੀ ਸਮੇਂ ਤੋਂ ਨਸ਼ਾ ਤਸਕਰੀ ਦਾ ਧੰਦਾ ਕਰਦੇ ਆ ਰਹੇ ਹਨ।

ਰਾਜੀਵ ਸ਼ਰਮਾ
98151-01551
ASTROLOGER
TV SERIAL KHEL SITARON KA,
DAINIK BHASKAR, THE ASIA TIMES (U.K) & WORLD FOCUS ( CANADA )
SANKAT MOCHAN DARBAR
SHANKAR GARDEN , NEAR INCOME TAX COLONY , JAL.

# ਸ਼੍ਰੋਮਣੀ ਕਮੇਟੀ ਵ਼ਫ਼ਦ ਨੇ ਰਾਜਪਾਲ ਪੰਜਾਬ ਨੂੰ ਆਉਣ ਵਾਲੇ ਸ਼ਤਾਬਦੀ ਸਮਾਗਮਾਂ ਲਈ ਦਿੱਤਾ ਸੱਦਾ ਪੱਤਰ

ਚੰਡੀਗੜ੍ਹ, (ਲੋਕ ਬਾਣੀ)- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਵਿੱਚ ਸਿੱਖ ਸੰਸਥਾ ਦੇ ਵ਼ਫ਼ਦ ਨੇ ਅੱਜ ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਨਾਲ ਚੰਡੀਗੜ੍ਹ ਵਿਖੇ ਮੁਲਾਕਾਤ ਕਰਕੇ ਉਨ੍ਹਾਂ ਨੂੰ ਸ੍ਰੀ ਗੁਰੂ ਰਾਮਦਾਸ ਜੀ ਦੇ ਗੁਰਿਆਈ ਦਿਵਸ ਅਤੇ ਸ੍ਰੀ ਗੁਰੂ ਅਮਰਦਾਸ ਦੀ ਦੇ ਜੋਤੀ ਜੋਤਿ ਦਿਵਸ ਦੇ 450 ਸਾਲਾ ਸ਼ਤਾਬਦੀ ਸਮਾਗਮਾਂ ਵਿੱਚ ਸ਼ਮੂਲੀਅਤ ਕਰਨ ਲਈ ਸੱਦਾ ਪੱਤਰ ਦਿੱਤਾ। ਇਹ ਸ਼ਤਾਬਦੀ ਸ਼੍ਰੋਮਣੀ ਕਮੇਟੀ ਵੱਲੋਂ 13 ਤੋਂ 18 ਸਤੰਬਰ ਤੱਕ ਮਨਾਈ ਜਾਣੀ ਹੈ, ਜਿਸ ਦਾ ਮੁੱਖ ਸਮਾਗਮ 18 ਸਤੰਬਰ ਨੂੰ ਤਰਨ ਤਾਰਨ ਜ਼ਿਲ੍ਹੇ ਵਿੱਚ ਗੁਰਦੁਆਰਾ ਸ੍ਰੀ ਬਾਉਲੀ ਸਾਹਿਬ ਸ੍ਰੀ ਗੋਇੰਦਵਾਲ ਸਾਹਿਬ ਵਿਖੇ ਹੋਵੇਗਾ। ਅੱਜ ਪੰਜਾਬ ਦੇ ਰਾਜਪਾਲ ਨੂੰ ਇਸ ਸਬੰਧ ਵਿੱਚ ਰਸਮੀ ਤੌਰ ਉੱਤੇ ਸੱਦਾ ਪੱਤਰ ਦੇ ਕੇ ਸ਼ਤਾਬਦੀ ਸਮਾਗਮਾਂ ਵਿੱਚ ਸ਼ਮੂਲੀਅਤ ਕਰਨ ਲਈ ਕਿਹਾ ਗਿਆ ਹੈ।

ਮੁਲਾਕਾਤ ਉਪਰੰਤ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਧਾਮੀ ਨੇ ਕਿਹਾ ਕਿ ਸ਼ਤਾਬਦੀ ਦੇ ਇਤਿਹਾਸਕ ਮੌਕੇ 'ਤੇ ਗੁਰੂ ਸਾਹਿਬਾਨ ਨੂੰ ਸ਼ਰਧਾ ਤੇ ਸਤਿਕਾਰ ਭੇਟ ਕਰਨ ਵਾਸਤੇ ਵੱਖ-ਵੱਖ ਸ਼ਖ਼ਸੀਅਤਾਂ ਨੂੰ ਸੱਦਾ ਪੱਤਰ ਦਿੱਤੇ ਜਾ ਰਹੇ ਹਨ ਜਿਸ ਤਹਿਤ ਅੱਜ ਪੰਜਾਬ ਦੇ ਰਾਜਪਾਲ ਨਾਲ



ਵੀ ਮੁਲਾਕਾਤ ਕੀਤੀ ਗਈ ਹੈ। ਉਨ੍ਹਾਂ ਆਖਿਆ ਕਿ ਇਹ ਸਾਡੇ ਸਮਿਆਂ ਦਾ ਇਤਿਹਾਸਕ ਮੌਕਾ ਹੈ ਜਦੋਂ ਦੋ ਗੁਰੂ ਸਾਹਿਬਾਨ ਨਾਲ ਸਬੰਧਤ ਸ਼ਤਾਬਦੀ ਦਿਹਾੜੇ ਮਨਾਏ ਜਾ ਰਹੇ ਹਨ। ਇਸ ਵਿੱਚ ਸ਼ਮੂਲੀਅਤ ਕਰਨਾ ਸੁਭਾਗੀ ਗੱਲ ਹੈ। ਉਨ੍ਹਾਂ ਕਿਹਾ ਕਿ ਰਾਜਪਾਲ ਪੰਜਾਬ ਗੁਲਾਬ ਚੰਦ ਕਟਾਰੀਆ ਨੇ ਸੱਦਾ ਪੱਤਰ ਪ੍ਰਾਪਤ ਕਰਦਿਆਂ ਸਮਾਗਮਾਂ ਵਿੱਚ ਹਾਜ਼ਰ ਹੋਣ ਦਾ ਭੋਸਾ ਦਿੱਤਾ ਹੈ।

ਰਾਜਪਾਲ ਪੰਜਾਬ ਨਾਲ ਮੁਲਾਕਾਤ ਕਰਨ ਮੌਕੇ ਸ਼੍ਰੋਮਣੀ ਕਮੇਟੀ ਦੇ ਵ਼ਫ਼ਦ ਵਿੱਚ ਐਡਵੋਕੇਟ ਧਾਮੀ ਦੇ ਨਾਲ ਜਨਰਲ ਸਕੱਤਰ ਭਾਈ ਰਜਿੰਦਰ ਸਿੰਘ ਮਹਿਤਾ, ਮੈਂਬਰ ਐਡਵੋਕੇਟ ਭਗਵੰਤ ਸਿੰਘ ਸਿਆਲਕਾ, ਅਲਵਿੰਦਰਪਾਲ ਸਿੰਘ ਪੱਖੋਕੇ ਅਤੇ ਸੁਰਜੀਤ ਸਿੰਘ ਭਿੱਟੇਵੱਡ ਸ਼ਾਮਲ ਸਨ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਮੀਤ ਸਕੱਤਰ ਲਖਵੀਰ ਸਿੰਘ ਵੀ ਹਾਜ਼ਰ ਸਨ।

# ਮਜ਼ਦੂਰ ਕਿਸਾਨ ਪੱਖੀ ਖੇਤੀ ਨੀਤੀ ਬਣਾਉਣ ਦੇ ਰਾਹ ਚ ਅੜਿੱਕਾ ਬਣਦੀਆਂ ਕੇਂਦਰੀ ਹਦਾਇਤਾਂ ਨੂੰ ਰੱਦ ਕਰਨ ਸਬੰਧੀ ਸਥਿਤੀ ਸਪਸ਼ਟ ਕਰਨ ਦੀ ਕੀਤੀ ਮੰਗ

ਚੰਡੀਗੜ੍ਹ (ਲੋਕ ਬਾਣੀ)- ਮਜ਼ਦੂਰ ਕਿਸਾਨ ਤੇ ਵਾਤਾਵਰਨ ਪੱਖੀ ਖੇਤੀ ਨੀਤੀ ਬਣਾਉਣ, ਜ਼ਹਿਰਾਂ ਤੇ ਰਸਾਇਣਾਂ ਮੁਕਤ ਫ਼ਸਲੀ ਪੈਦਾਵਾਰ ਨੂੰ ਉਤਸ਼ਾਹਿਤ ਕਰਨ, ਮਜ਼ਦੂਰਾਂ ਕਿਸਾਨਾਂ ਦੀ ਜ਼ਮੀਨੀ ਤੋਟ ਦੂਰ ਕਰਨ, ਮਜ਼ਦੂਰਾਂ ਕਿਸਾਨਾਂ ਸਿਰ ਚੜ੍ਹਿਆ ਕਰਜਾ ਖ਼ਤਮ ਕਰਨ, ਖੁਦਕੁਸ਼ੀ ਪੀੜਤਾਂ ਨੂੰ ਮੁਆਵਜ਼ਾ ਤੇ ਨੌਕਰੀ ਦੇਣ,ਸਰਵਜਨਕ ਜਨਤਕ ਵੰਡ ਪ੍ਰਣਾਲੀ ਲਾਗੂ ਕਰਨ ਆਦਿ ਮੰਗਾਂ ਨੂੰ ਲੈ ਕੇ ਭਾਰਤੀ ਕਿਸਾਨ ਯੂਨੀਅਨ (ਏਕਤਾ ਉਗਰਾਹਾਂ) ਤੇ ਪੰਜਾਬ ਖੇਤ ਮਜ਼ਦੂਰ ਯੂਨੀਅਨ ਵੱਲੋਂ ਚੰਡੀਗੜ੍ਹ ਵਿਖੇ ਲਾਇਆ ਖੇਤੀ ਨੀਤੀ ਮੋਰਚਾ ਅੱਜ਼ ਤੀਜੇ ਦਿਨ ਵੀ ਜਾਰੀ ਰਿਹਾ। ਅੱਜ ਦੇ ਇਕੱਠ ਵਿੱਚ ਪਹੁੰਚੀ ਜਮਹੂਰੀ ਹੱਕਾਂ ਦੀ ਕਾਰਕੁੰਨ ਡਾਕਟਰ ਨਵਸ਼ਰਨ ਨੇ ਵੀ ਸੰਬੋਧਨ ਕੀਤਾ। ਉਹਨਾਂ ਆਖਿਆ ਕਿ ਕਿਸਾਨਾਂ ਤੇ ਖੇਤ ਮਜ਼ਦੂਰਾਂ ਪੱਖੀ ਖੇਤੀ ਨੀਤੀ ਬਨਾਉਣ ਦੀ ਮੰਗ ਸਮੁੱਚੇ ਦੇਸ਼ ਦੇ ਲੋਕ ਪੱਖੀ ਵਿਕਾਸ ਦਾ ਰਸਤਾ ਖੋਲ੍ਹਣ ਵਾਲੀ ਹੈ ਅਤੇ ਇਹ ਸੰਘਰਸ਼ ਸਭਨਾਂ ਲੋਕਾਂ ਦੀ ਹਮਾਇਤ ਦਾ ਹੱਕਦਾਰ ਹੈ। ਇਕੱਠ ਨੂੰ ਸੰਬੋਧਨ ਕਰਦਿਆਂ ਬੀਕੇਯੂ (ਏਕਤਾ ਉਗਰਾਹਾਂ) ਦੇ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ, ਜਨਰਲ ਸਕੱਤਰ ਸੁਖਦੇਵ ਸਿੰਘ ਕੋਕਰੀ ਕਲਾਂ, ਸੀਨੀਅਰ ਮੀਤ ਪ੍ਰਧਾਨ ਝੰਡਾ ਸਿੰਘ ਜੇਠੂਕੇ, ਸੂਬਾ ਸਕੱਤਰ ਸ਼ਿੰਗਾਰਾ ਸਿੰਘ ਮਾਨ, ਜਗਤਾਰ ਸਿੰਘ ਕਾਲਾਝਾੜ, ਮਹਿਲਾ ਕਿਸਾਨ ਆਗੂ ਹਰਿੰਦਰ ਬਿੰਦੂ, ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਪ੍ਰਧਾਨ ਜੋਰਾ ਸਿੰਘ ਨਸਰਾਲੀ, ਜਨਰਲ ਸਕੱਤਰ ਲਛਮਣ ਸਿੰਘ ਸੇਵੇਵਾਲਾ ਤੇ ਹਰਮੇਸ਼ ਮਾਲੜੀ ਤੇ ਮੇਜ਼ਰ ਸਿੰਘ ਕਾਲੇਕੇ ਨੇ ਦੋਸ਼ ਲਾਇਆ ਕਿ ਪਿੰਡਾਂ ਚੋਂ ਸਰਕਾਰ ਚਲਾਉਣ ਵਰਗੇ ਲੁਭਾਉਣੇ ਲਾਰਿਆਂ ਨਾਲ ਸੱਤਾ ਚ ਆਈ ਭਗਵੰਤ ਮਾਨ ਸਰਕਾਰ ਹੁਣ ਚੰਡੀਗੜ੍ਹ ਵਿਖੇ ਪਹੁੰਚੇ ਹਜ਼ਾਰਾਂ ਮਜ਼ਦੂਰਾਂ ਕਿਸਾਨਾਂ ਤੇ ਔਰਤਾਂ ਦੀ ਗੱਲ ਸੁਣਨ ਲਈ ਵੀ ਤਿਆਰ ਨਹੀਂ, ਸਗੋਂ ਮੁੱਖ ਮੰਤਰੀ ਭਗਵੰਤ ਮਾਨ ਦੋਹਾਂ ਜਥੇਬੰਦੀਆਂ ਨਾਲ਼ ਇੱਕ ਸਤੰਬਰ ਨੂੰ ਮੀਟਿੰਗ ਤਹਿ ਕਰਕੇ ਉਸ ਤੋਂ ਭੱਜ ਗਿਆ। ਉਹਨਾਂ ਆਖਿਆ ਕਿ ਕੱਲ੍ਹ ਵਿਧਾਨ ਸਭਾ ਵੱਲ ਮਾਰਚ ਸਮੇਂ ਵੀ ਸਰਕਾਰ ਦਾ ਕੋਈ ਚੁਣਿਆ ਹੋਇਆ ਨੁੰਮਾਇੰਦਾ ਆਪਣੇ ਆਪ ਮੰਗ ਪੱਤਰ ਹਾਸਿਲ ਕਰਨ ਨੂੰ ਤਿਆਰ ਨਹੀਂ ਸੀ ਸਗੋਂ ਜਥੇਬੰਦੀਆਂ ਵੱਲੋਂ ਸਖ਼ਤ ਇਤਰਾਜ਼ ਜ਼ਾਹਰ ਕਰਨ ਤੋਂ ਬਾਅਦ ਹੀ ਖੇਤੀਬਾੜੀ ਮੰਤਰੀ ਮੰਗ ਪੱਤਰ ਹਾਸਲ ਕਰਨ ਲਈ ਪਹੁੰਚਿਆ। ਉਹਨਾਂ ਐਲਾਨ ਕੀਤਾ ਕਿ ਜੇਕਰ ਆਪ ਸਰਕਾਰ ਵੱਲੋਂ ਉਨ੍ਹਾਂ ਦੀਆਂ ਮੰਗਾਂ ਦਾ ਢੁਕਵਾਂ ਹੱਲ ਨਾ ਕੀਤਾ ਗਿਆ ਤਾਂ ਇਸ ਪੰਜ ਰੋਜ਼ਾ ਮੋਰਚੇ ਨੂੰ ਅੱਗੇ ਵਧਾਉਣ ਤੋਂ ਵੀ ਗੁਰੇਜ਼ ਨਹੀਂ ਕੀਤਾ ਜਾਵੇਗਾ।



ਅੱਜ ਦੀ ਸਟੇਜ ਤੋਂ ਮਤਾ ਪਾਸ ਕਰਕੇ ਕਿਸਾਨ ਤੇ ਖੇਤ ਮਜ਼ਦੂਰ ਕਮਿਸ਼ਨ ਦੇ ਸਾਬਕਾ ਮੈਂਬਰ ਬਲਵਿੰਦਰ ਸਿੰਘ ਵੱਲੋਂ ਬੀਤੇ ਦਿਨੀਂ ਪਹਿਲੀਆਂ ਸਰਕਾਰਾਂ ਵੇਲੇ ਝੋਨੇ ਹੇਠੋਂ ਰਕਬਾ ਘਟਾਉਣ ਲਈ ਖੇਤੀ ਵਿਭਿੰਨਤਾ ਨੂੰ ਉਤਸ਼ਾਹਿਤ ਕਰਨ ਦੇ ਕਦਮਾਂ ਨੂੰ ਕੇਂਦਰ ਸਰਕਾਰ ਵੱਲੋਂ ਰੋਕੇ ਜਾਣ ਸਬੰਧੀ ਜਾਰੀ ਕੀਤੇ ਪੱਤਰਾਂ ਸਬੰਧੀ ਦੱਸਿਆ ਗਿਆ ਹੈ। ਉਨਾਂ ਹਦਾਇਤਾਂ ਬਾਰੇ ਮੌਜੂਦਾ ਸਰਕਾਰ ਦੀ ਪੁਜੀਸ਼ਨ ਕੀ ਹੈ , ਸਰਕਾਰ ਤੋਂ ਇਹ ਸਥਿਤੀ ਸਪੱਸ਼ਟ ਕਰਨ ਦੀ ਮੰਗ ਕੀਤੀ ਗਈ। ਦੂਸਰੇ ਮਤੇ ਰਾਹੀਂ ਬੀਤੇ ਦਿਨੀਂ ਐਨ ਆਈ ਏ ਦੁਆਰਾ ਕਿਸਾਨ ਆਗੂ ਸੁਖਵਿੰਦਰ ਕੌਰ ਸਮੇਤ ਵਕੀਲਾਂ ਤੇ ਹੋਰ ਬੁੱਧੀਜੀਵੀਆਂ ਦੇ ਘਰਾਂ ਚ ਛਾਪੇ ਮਾਰਨ ਦੀ ਸਖ਼ਤ ਨਿਖੇਧੀ ਕਰਦਿਆਂ ਲੋਕਾਂ ਨੂੰ ਸੱਦਾ ਦਿੱਤਾ ਕਿ ਜੇਕਰ ਮੋਦੀ ਸਰਕਾਰ ਦੇ ਹੁਕਮਾਂ ਤੇ ਐਨ ਆਈ ਏ ਇਹਨਾਂ ਹੱਥਕੰਡਿਆਂ ਤੋਂ ਬਾਜ਼ ਨਾ ਆਈ ਤਾਂ ਉਸ ਦਾ ਡਟਵਾਂ ਵਿਰੋਧ ਕਰਨ ਲਈ ਤਿਆਰ ਰਹਿਣ ਦਾ ਸੱਦਾ ਦਿੱਤਾ ਗਿਆ। ਤੀਸਰੇ ਮਤੇ ਰਾਹੀਂ ਭਾਜਪਾ ਉਮੀਦਵਾਰ ਹੰਸ ਰਾਜ ਹੰਸ ਦਾ ਜਮਹੂਰੀ ਢੰਗ ਨਾਲ ਵਿਰੋਧ ਕਰਨ ਦੀ ਬਦੌਲਤ ਕਿਸਾਨ ਆਗੂ ਰਾਜਿੰਦਰ ਸਿੰਘ ਦੀਪ ਸਿੰਘਵਾਲਾ ਸਮੇਤ ਹੋਰਨਾਂ ਆਗੂਆਂ ਦੇ ਵਰੰਟ ਜਾਰੀ ਕਰਨ ਦੀ ਨਿੰਦਾ ਕਰਦਿਆਂ ਕੇਸ ਵਾਪਸ ਲੈਣ ਦੀ ਮੰਗ ਕੀਤੀ ਗਈ। ਚੌਥੇ ਮਤੇ ਰਾਹੀਂ ਬੁੱਢੇ ਦਰਿਆ ਚ ਦੂਸ਼ਿਤ ਪਾਣੀ ਰੋਕਣ ਲਈ ਸੰਘਰਸ਼ ਕਰਦੇ ਲੋਕਾਂ ਨੂੰ ਗ੍ਰਿਫ਼ਤਾਰ ਕਰਨ ਤੇ ਕੇਸ ਦਰਜ ਦੀ ਨਿੰਦਾ ਕਰਦਿਆਂ ਗ੍ਰਿਫ਼ਤਾਰ ਆਗੂਆਂ ਨੂੰ ਰਿਹਾਅ ਕਰਨ ਤੇ ਕੇਸ ਵਾਪਸ ਲੈਣ ਦੀ ਮੰਗ ਕੀਤੀ ਗਈ।ਇੱਕ ਹੋਰ ਮਤੇ ਰਾਹੀਂ ਆਪਣੀਆਂ ਮੰਗਾਂ ਨੂੰ ਲੈ ਕੇ ਹੜਤਾਲ ਕਰਨ ਜਾ ਰਹੇ ਬਿਜਲੀ ਕਾਮਿਆਂ ਉਤੇ ਪੰਜਾਬ ਸਰਕਾਰ ਵੱਲੋਂ ਐਸਮਾ ਲਾਉਣ ਦੇ ਕੀਤੇ ਫੈਸਲੇ ਦੀ ਸਖ਼ਤ ਨਿਖੇਧੀ ਕਰਦਿਆਂ ਇਸਨੂੰ ਲੋਕਾਂ ਦੇ ਜਮਹੂਰੀ ਹੱਕਾਂ ਦਾ ਘਾਣ ਕਰਾਰ ਦਿੱਤਾ ਗਿਆ ਅਤੇ ਇਹ ਫੈਸਲਾ ਵਾਪਿਸ ਲੈਣ ਦੀ ਮੰਗ ਕੀਤੀ ਗਈ।

ਅੱਜ ਦੇ ਇਕੱਠ ਨੂੰ ਮਜ਼ਦੂਰ ਆਗੂ ਕਾਲਾ ਸਿੰਘ ਖੂਨਣ ਖ਼ੁਰਦ, ਕਿਸਾਨ ਆਗੂ ਅਮਰੀਕ ਸਿੰਘ ਗੰਢੂਆਂ, ਮੋਹਣ ਸਿੰਘ ਬੱਲ, ਲਖਵਿੰਦਰ ਸਿੰਘ ਮੰਜਿਆਂ ਵਾਲੀ, ਬਸੰਤ ਸਿੰਘ ਕੋਠਾਗੁਰੂ, ਗੁਰਭੇਜ ਸਿੰਘ ਰੋਹੀਵਾਲਾ ਤੋਂ ਇਲਾਵਾ ਵੇਰਕਾ ਸਕੱਤਰ ਯੂਨੀਅਨ ਪੰਜਾਬ ਦੇ ਚਰਨਜੀਤ ਸਿੰਘ ਨੇ ਵੀ ਸੰਬੋਧਨ ਕੀਤਾ।

# ਰਾਜੌਰੀ ਚ ਅੱਤਵਾਦੀਆਂ ਨੇ ਪੁਲਿਸ ਤੇ ਫਾਇਰਿੰਗ, ਤਲਾਸ਼ੀ ਮੁਹਿੰਮ ਜਾਰੀ



ਜੰਮੂ-(ਲੋਕ ਬਾਣੀ) ਕਸ਼ਮੀਰ ਦੇ ਰਾਜੌਰੀ ਚ ਅੱਤਵਾਦੀਆਂ ਨੇ ਪੁਲਿਸ ਬਲ ਤੇ ਗੋਲੀਬਾਰੀ ਕੀਤੀ ਹੈ। ਇਹ ਘਟਨਾ ਥਾਨਮੰਡੀ ਇਲਾਕੇ ਦੇ ਪਿੰਡ ਕਹਰੋਟ ਦੀ ਹੈ। ਮੰਗਲਵਾਰ (3 ਸਤੰਬਰ) ਦੀ ਸ਼ਾਮ ਨੂੰ ਥਾਨਾਮੰਡੀ ਚ 10 ਤੋਂ 12 ਗੋਲੀਆਂ ਚੱਲਣ ਦੀ ਆਵਾਜ਼ ਸੁਣਾਈ ਦਿੱਤੀ। ਇਸ ਤੋਂ ਬਾਅਦ ਸੁਰੱਖਿਆ ਬਲਾਂ ਨੇ ਪੂਰੇ ਇਲਾਕੇ ਨੂੰ ਘੇਰ ਲਿਆ।

ਇਸ ਤੋਂ ਪਹਿਲਾਂ ਸੋਮਵਾਰ ਸਵੇਰੇ ਜੰਮੂ-ਕਸ਼ਮੀਰ ਦੇ ਸੁੰਜਵਾਨ ਮਿਲਟਰੀ ਸਟੇਸ਼ਨ ਤੇ ਅੱਤਵਾਦੀਆਂ ਨੇ ਫੌਜ ਤੇ ਗੋਲੀਬਾਰੀ ਕੀਤੀ ਸੀ। ਇਸ ਵਿੱਚ ਇੱਕ ਜਵਾਨ ਸ਼ਹੀਦ ਹੋ ਗਿਆ ਸੀ। ਫੌਜ ਦੇ ਅਧਿਕਾਰੀਆਂ ਨੇ ਦੱਸਿਆ ਕਿ ਫੌਜੀ ਸਟੇਸ਼ਨ ਦੇ ਬਾਹਰ ਲੁਕੇ ਹੋਏ ਅੱਤਵਾਦੀਆਂ ਨੇ ਸਨਾਈਪਰ ਗਨ ਨਾਲ ਗੋਲੀਬਾਰੀ ਕੀਤੀ ਸੀ। ਸਿਪਾਹੀ ਦੇ ਜ਼ਖਮੀ ਹੋਣ ਤੋਂ ਬਾਅਦ ਉਸ ਨੂੰ ਹਸਪਤਾਲ ਲਿਜਾਇਆ ਗਿਆ। ਇਲਾਜ ਦੌਰਾਨ ਉਸ ਦੀ ਮੌਤ ਹੋ ਗਈ। ਫੌਜ ਅਤੇ ਪੁਲਿਸ ਨੇ ਤਲਾਸ਼ੀ ਮੁਹਿੰਮ ਸ਼ੁਰੂ ਕਰ ਦਿੱਤੀ ਹੈ। ਡਰੋਨ ਰਾਹੀਂ ਵੀ ਇਲਾਕੇ ਦੀ ਨਿਗਰਾਨੀ ਕੀਤੀ ਜਾ ਰਹੀ ਹੈ।

ਜੰਮੂ-ਕਸ਼ਮੀਰ ਦੇ ਸਾਂਬਾ ਚ ਸੁਰੱਖਿਆ ਬਲਾਂ ਨੇ 3 ਪਿਸਤੌਲ ਅਤੇ ਗੋਲਾ ਬਾਰੂਦ ਬਰਾਮਦ ਕੀਤਾ ਹੈ। ਸੁਰੱਖਿਆ ਬਲਾਂ ਨੇ ਦੱਸਿਆ ਕਿ ਇਹ ਹਥਿਆਰ ਡਰੋਨ ਤੋਂ ਸੁੱਟੇ ਗਏ ਸਨ। ਬੀਐਸਐਫ ਅਤੇ ਪੁਲਿਸ ਨੂੰ ਅਲਰਟ ਤੇ ਰੱਖਿਆ ਗਿਆ ਹੈ। ਤਲਾਸ਼ੀ ਮੁਹਿੰਮ ਵੀ ਤੇਜ਼ ਕਰ ਦਿੱਤੀ ਗਈ ਹੈ।

# ਪੰਜਾਬੀ ਅਦਾਕਾਰ ਗਿੱਪੀ ਗਰੇਵਾਲ ਮੋਹਾਲੀ ਦੀ ਅਦਾਲਤ ਚ ਨਹੀਂ ਹੋਏ ਪੇਸ਼, ਵਕੀਲ ਨੇ ਕਿਹਾ- ਫਿਲਮ ਦੀ ਪ੍ਰਮੋਸ਼ਨ ਚ ਰੁੱਝੇ ਹੋਏ ਹਨ



ਮੋਹਾਲੀ-(ਲੋਕ ਬਾਣੀ) ਕਰੀਬ ਛੇ ਸਾਲ ਪੁਰਾਣੇ ਕੇਸ ਵਿੱਚ ਪੰਜਾਬੀ ਗਾਇਕ ਤੇ ਅਦਾਕਾਰ ਗਿੱਪੀ ਗਰੇਵਾਲ ਦੀ ਅੱਜ (ਮੰਗਲਵਾਰ) ਮੁਹਾਲੀ ਅਦਾਲਤ ਵਿੱਚ ਸੁਣਵਾਈ ਹੋਈ। ਪਰ ਉਹ ਅੱਜ ਵੀ ਅਦਾਲਤ ਵਿੱਚ ਪੇਸ਼ ਨਹੀਂ ਹੋਏ। ਉਨ੍ਹਾਂ ਦੀ ਤਰਫੋਂ ਪੇਸ਼ ਹੋਏ ਵਕੀਲਾਂ ਨੇ ਅਦਾਲਤ ਨੂੰ ਦੱਸਿਆ ਕਿ ਗਿੱਪੀ ਗਰੇਵਾਲ ਇਸ ਸਮੇਂ ਆਪਣੀ ਆਉਣ ਵਾਲੀ ਫਿਲਮ ਦੀ ਪ੍ਰਮੋਸ਼ਨ ਚ ਰੁੱਝੇ ਹੋਏ ਹਨ। ਅਜਿਹੀ ਸਥਿਤੀ ਵਿਚ ਉਨ੍ਹਾਂ ਨੂੰ ਪੇਸ਼ੀ ਤੋਂ ਰਾਹਤ ਦੇਣੀ ਚਾਹੀਦੀ ਹੈ।

ਅਦਾਲਤ ਨੇ ਸਾਰੀਆਂ ਦਲੀਲਾਂ ਸੁਣਨ ਤੋਂ ਬਾਅਦ ਮਾਮਲੇ ਦੀ ਅਗਲੀ ਸੁਣਵਾਈ 10 ਸਤੰਬਰ ਤੈਅ ਕੀਤੀ ਹੈ। ਇਸ ਤੋਂ ਪਹਿਲਾਂ ਵੀ ਉਹ ਚਾਰ ਵਾਰ ਅਦਾਲਤ ਵਿੱਚ ਪੇਸ਼ ਨਹੀਂ ਹੋਇਆ। ਇਕ ਵਾਰ ਤਾਂ ਉਸ ਦੇ ਖਿਲਾਫ ਜ਼ਮਾਨਤੀ ਵਾਰੰਟ ਵੀ ਜਾਰੀ ਕੀਤੇ ਗਏ ਸਨ। ਉਸ ਨੂੰ 5,000 ਰੁਪਏ ਦਾ ਜ਼ਮਾਨਤੀ ਬਾਂਡ ਭਰਨ ਲਈ ਵੀ ਕਿਹਾ ਗਿਆ ਸੀ।

# ਹਰਿਆਣਾ ਤੋਂ ਲੰਘਣ ਵਾਲੀ ਜੰਮੂ ਮੇਲ ਹੁਣ ਜਾਵੇਗੀ ਪ੍ਰਯਾਗਰਾਜ ਤੱਕ ਦੇਖੋ ਸਮਾਂ ਸਾਰਣੀ

ਕੁਰੂਕਸ਼ੇਤਰ (ਲੋਕ ਬਾਣੀ) : ਹਰਿਆਣਾ ਵਿੱਚ ਰੇਲ ਯਾਤਰੀਆਂ ਲਈ ਚੰਗੀ ਖ਼ਬਰ ਸਾਹਮਣੇ ਆਈ ਹੈ। ਤੁਹਾਨੂੰ ਦੱਸ ਦੇਈਏ ਕਿ ਭਾਰਤੀ ਰੇਲਵੇ ਯਾਤਰੀਆਂ ਦੀ ਸਹੂਲਤ ਨੂੰ ਧਿਆਨ ਵਿੱਚ ਰੱਖਦੇ ਹੋਏ ਨਵੇਂ-ਨਵੇਂ ਉਪਰਾਲੇ ਕਰਦਾ ਰਹਿੰਦਾ ਹੈ। ਕਈ ਨਵੀਆਂ ਟਰੇਨਾਂ ਚਲਾਈਆਂ ਜਾ ਰਹੀਆਂ ਹਨ, ਉਥੇ ਹੀ ਕਈ ਟਰੇਨਾਂ ਦੇ ਵਿਸਥਾਰ ਨਾਲ ਹਜ਼ਾਰਾਂ ਲੋਕ ਲਾਭ ਉਠਾ ਰਹੇ ਹਨ। ਇਸੇ ਲੜੀ ਵਿੱਚ ਹਰਿਆਣਾ ਦੇ ਲੋਕਾਂ ਨੂੰ ਪ੍ਰਯਾਗਰਾਜ ਤੱਕ ਇੱਕ ਹੋਰ ਸਪੈਸ਼ਲ ਟਰੇਨ ਦਾ ਤੋਹਫਾ ਦਿੱਤਾ ਗਿਆ ਹੈ।

ਜੰਮੂ ਮੇਲ ਪ੍ਰਯਾਗਰਾਜ ਤੱਕ ਚੱਲੇਗੀ

ਟਰੇਨ ਨੰਬਰ 14033/34, ਜੰਮੂ ਮੇਲ ਹਰਿਆਣਾ ਤੋਂ ਲੰਘਣ ਵਾਲੀ ਹੁਣ ਪ੍ਰਯਾਗਰਾਜ ਦੇ ਸੂਬੇਦਾਰਗੰਜ ਰੇਲਵੇ ਸਟੇਸ਼ਨ ਤੱਕ ਜਾਵੇਗੀ। ਪਹਿਲਾਂ ਇਹ ਟਰੇਨ ਕਟੜਾ ਤੋਂ ਪੁਰਾਣੀ ਦਿੱਲੀ ਸਟੇਸ਼ਨ ਤੱਕ ਚਲਦੀ ਸੀ। ਰੇਲਵੇ ਪ੍ਰਸ਼ਾਸਨ ਨੇ ਜੰਮੂ ਤੋਂ ਪੁਰਾਣੀ ਦਿੱਲੀ ਤੋਂ ਪ੍ਰਯਾਗਰਾਜ ਦੇ ਸੂਬੇਦਾਰਗੰਜ ਰੇਲਵੇ ਸਟੇਸ਼ਨ ਤੱਕ ਚੱਲਣ ਵਾਲੀ ਇਸ ਟਰੇਨ ਦਾ ਆਖਰੀ ਸਟਾਪੇਜ ਬਦਲ ਦਿੱਤਾ ਹੈ। ਇਸ ਟਰੇਨ ਦੇ ਪ੍ਰਯਾਗਰਾਜ ਤੱਕ ਵਿਸਤਾਰ ਨਾਲ ਅੰਬਾਲਾ, ਕੁਰੂਕਸ਼ੇਤਰ, ਕਰਨਾਲ, ਪਾਣੀਪਤ ਅਤੇ ਸੋਨੀਪਤ ਜ਼ਿਲਿਆਂ ਦੇ ਯਾਤਰੀਆਂ ਨੂੰ ਫਾਇਦਾ ਹੋਵੇਗਾ। ਇਨ੍ਹਾਂ ਜ਼ਿਲ੍ਹਿਆਂ ਦੇ ਸ਼ਰਧਾਲੂਆਂ ਨੂੰ ਹਰ ਰੋਜ਼ ਸੰਗਮ ਸ਼ਹਿਰ ਜਾਣ ਲਈ ਰੇਲਗੱਡੀ ਦੀ ਸਹੂਲਤ ਮਿਲੇਗੀ।



ਇਹ ਟਰੇਨ ਸੂਬੇਦਾਰਗੰਜ ਰੇਲਵੇ ਸਟੇਸ਼ਨ ਤੋਂ ਸਵੇਰੇ 10:35 ਤੇ ਕਟੜਾ ਲਈ ਰਵਾਨਾ ਹੋਵੇਗੀ ਅਤੇ ਅਗਲੇ ਦਿਨ ਸਵੇਰੇ 9:15 ਤੇ ਮਾਤਾ ਵੈਸ਼ਨੋ ਦੇਵੀ ਕਟੜਾ ਸਟੇਸ਼ਨ ਪਹੁੰਚੇਗੀ। ਬਦਲੇ ਵਿੱਚ, ਉਹੀ ਰੇਲ ਗੱਡੀ ਕਟੜਾ ਸਟੇਸ਼ਨ ਤੋਂ 12:45 ਵਜੇ ਰਵਾਨਾ ਹੋਵੇਗੀ ਅਤੇ ਅਗਲੇ ਦਿਨ ਦੁਪਹਿਰ 3:20 ਵਜੇ ਸੂਬੇਦਾਰਗੰਜ ਸਟੇਸ਼ਨ ਪਹੁੰਚੇਗੀ। ਜੰਮੂ ਮੇਲ ਸ਼ਾਮ 7:50 ਵਜੇ ਪੁਰਾਣੀ ਦਿੱਲੀ ਰੇਲਵੇ ਸਟੇਸ਼ਨ ਪਹੁੰਚੇਗੀ। ਇੱਥੇ 15 ਮਿੰਟ ਦੇ ਰੁਕਣ ਤੋਂ ਬਾਅਦ, ਜੰਮੂ ਮੇਲ ਰਾਤ 8:10 ਵਜੇ ਸ਼੍ਰੀ ਮਾਤਾ ਵੈਸ਼ਨੋ ਦੇਵੀ ਕਟੜਾ ਲਈ ਰਵਾਨਾ ਹੋਵੇਗੀ। ਦਿੱਲੀ ਤੋਂ ਬਾਅਦ ਇਸ ਦੇ ਸਟਾਪ ਸਬਜ਼ੀ ਮੰਡੀ, ਨਰੇਲਾ, ਸੋਨੀਪਤ, ਗਨੌਰ, ਸਮਾਲਖਾਨ, ਪਾਣੀਪਤ, ਕਰਨਾਲ, ਕੁਰੂਕਸ਼ੇਤਰ, ਅੰਬਾਲਾ ਕੈਂਟ, ਰਾਜਪੁਰਾ ਜੰਕਸ਼ਨ, ਲੁਧਿਆਣਾ ਜੰਕਸ਼ਨ, ਫਗਵਾੜਾ ਜੰਕਸ਼ਨ, ਜਲੰਧਰ ਕੈਂਟ, ਟਾਂਡਾ ਉੜਮਾਰ, ਦਸੂਹਾ, ਮੁਕਰੈਨ, ਪਠਾਨਕੋਟ ਕੈਂਟ, ਕਠੂਆ ਹਨ। ਹੀਰਾਨਗਰ, ਵਿਜੇਪੁਰ ਜੰਮੂ, ਜੰਮੂ ਤਵੀ, ਮੇਜਰ ਕੈਪਟਨ ਤੁਸ਼ਾਰ ਮਹਾਜਨ ਹੋਣਗੇ। ਇਸ ਤੋਂ ਪਹਿਲਾਂ ਧਰਮਨਗਰੀ ਕੁਰੂਕਸ਼ੇਤਰ ਸਮੇਤ ਕਈ ਹੋਰ ਜ਼ਿਲ੍ਹਿਆਂ ਤੋਂ ਪ੍ਰਯਾਗਰਾਜ ਜਾਣ ਵਾਲੇ ਯਾਤਰੀਆਂ ਕੋਲ ਨੇਤਾਜੀ ਐਕਸਪ੍ਰੈਸ (12312), ਜੰਮੂ ਤਵੀ-ਟਾਟਾਨਗਰ ਐਕਸਪ੍ਰੈਸ (18102) ਅਤੇ ਉਂਚਾਹਰ ਐਕਸਪ੍ਰੈਸ (14218) ਸਮੇਤ 3 ਟਰੇਨਾਂ ਦਾ ਵਿਕਲਪ ਸੀ।

# ਸਰਵਿਸ ਰਾਈਫਲ ਤੋਂ ਅਚਾਨਕ ਗੋਲੀ ਚੱਲਣ ਕਾਰਨ ਏਅਰਫੋਰਸ ਦੇ ਜਵਾਨ ਦੀ ਹੋਈ ਮੌਤ



ਅਬੋਹਰ-(ਲੋਕ ਬਾਣੀ) ਅਬੋਹਰ ਦੇ ਏਅਰਫੋਰਸ ਸਟੇਸ਼ਨ ਤੇ ਤਾਇਨਾਤ ਏਅਰ ਫੋਰਸ ਦੇ ਜਵਾਨ ਦੀ ਬੀਤੀ ਰਾਤ ਡਿਊਟੀ ਦੌਰਾਨ ਸ਼ੱਕੀ ਹਾਲਾਤਾਂ ਚ ਗੋਲੀ ਲੱਗਣ ਨਾਲ ਮੌਤ ਹੋ ਗਈ। ਪੁਲੀਸ ਵੱਲੋਂ ਮ੍ਰਿਤਕ ਦੀ ਲਾਸ਼ ਨੂੰ ਹਸਪਤਾਲ ਦੇ ਮੁਰਦਾਘਰ ਵਿੱਚ ਰਖਵਾਇਆ ਗਿਆ ਹੈ ਅਤੇ ਮ੍ਰਿਤਕ ਦੇ ਰਿਸ਼ਤੇਦਾਰ ਬਿਹਾਰ ਵਾਸੀ ਉਨ੍ਹਾਂ ਦੇ ਆਉਣ ਦੀ ਉਡੀਕ ਕਰ ਰਹੇ ਹਨ।

ਪੁਲੀਸ ਅਧਿਕਾਰੀਆਂ ਨੇ ਦੱਸਿਆ ਕਿ ਬੀਤੀ ਰਾਤ ਕਰੀਬ 2 ਵਜੇ ਉਨ੍ਹਾਂ ਨੂੰ ਏਅਰ ਫੋਰਸ ਸਟੇਸ਼ਨ ਤੋਂ ਫੋਨ ਆਇਆ ਕਿ ਸਾਰਜੈਂਟ ਸੰਜੀਤ ਕੁਮਾਰ ਸਿੰਘ ਦੀ ਡਿਊਟੀ ਦੌਰਾਨ ਆਪਣੀ ਹੀ ਸਰਵਿਸ ਰਾਈਫਲ ਤੋਂ ਗੋਲੀ ਚੱਲਣ ਕਾਰਨ ਅਚਾਨਕ ਮੌਤ ਹੋ ਗਈ ਹੈ। ਜਿਸ ਤੇ ਪੁਲਸ ਨੇ ਲਾਸ਼ ਨੂੰ ਹਸਪਤਾਲ ਦੇ ਮੁਰਦਾਘਰ ਚ ਰਖਵਾਇਆ। ਮ੍ਰਿਤਕ ਮੂਲ ਰੂਪ ਵਿੱਚ ਬਿਹਾਰ ਦਾ ਵਸਨੀਕ ਸੀ ਅਤੇ ਅਬੋਹਰ ਦੇ ਪ੍ਰਿਆ ਐਨਕਲੇਵ ਵਿੱਚ ਆਪਣੇ ਪਰਿਵਾਰ ਨਾਲ ਰਹਿੰਦਾ ਸੀ ਪਰ ਹੁਣ ਉਸ ਦਾ ਪਰਿਵਾਰ ਆਪਣੇ ਪਿੰਡ ਚਲਾ ਗਿਆ ਸੀ। ਪੁਲਿਸ ਪਰਿਵਾਰ ਦੇ ਆਉਣ ਦੀ ਉਡੀਕ ਕਰ ਰਹੀ ਹੈ।

# ਪੰਜਾਬ ਚ ਦੇਰ ਰਾਤ ਵੱਡਾ ਹਾਦਸਾ: ਯਾਤਰੀਆਂ ਨਾਲ ਭਰੀ ਬੱਸ ਪਲਟ ਗਈ, 1 ਦੀ ਮੌਤ, 35 ਗੰਭੀਰ ਜ਼ਖਮੀ

ਲੁਧਿਆਣਾ: (ਲੋਕ ਬਾਣੀ) ਦੇਰ ਰਾਤ ਲੁਧਿਆਣਾ ਚ ਹਰਿਦੁਆਰ ਤੋਂ ਜੰਮੂ ਜਾ ਰਹੀ ਇੱਕ ਨਿੱਜੀ ਕੰਪਨੀ ਦੀ ਬੱਸ ਪਲਟ ਗਈ। ਇਸ ਹਾਦਸੇ ਚ ਬੱਸ ਚ ਸਵਾਰ 3 ਬੱਚਿਆਂ ਸਮੇਤ 35 ਲੋਕ ਗੰਭੀਰ ਜ਼ਖਮੀ ਦੱਸੇ ਜਾ ਰਹੇ ਹਨ। ਉਸ ਨੂੰ ਸਿਵਲ ਹਸਪਤਾਲ ਲੁਧਿਆਣਾ ਵਿਖੇ ਦਾਖਲ ਕਰਵਾਇਆ ਗਿਆ ਹੈ। ਹਾਦਸੇ ਵਿੱਚ ਇੱਕ ਵਿਅਕਤੀ ਦੀ ਮੌਤ ਹੋ ਗਈ। ਅਜੇ ਤੱਕ ਮ੍ਰਿਤਕ ਦੀ ਪਛਾਣ ਨਹੀਂ ਹੋ ਸਕੀ ਹੈ। ਪੁਲਿਸ ਨੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਇਹ ਵੀ ਦੱਸਿਆ ਜਾ ਰਿਹਾ ਹੈ ਕਿ ਗੰਭੀਰ ਸੱਟਾਂ ਨੂੰ ਦੇਖਦੇ ਹੋਏ ਕੁਝ ਜ਼ਖਮੀਆਂ ਨੂੰ ਪੀਜੀਆਈ ਹਸਪਤਾਲ ਰੈਫਰ ਵੀ ਕੀਤਾ ਗਿਆ ਹੈ।




ਇਹ ਹਾਦਸਾ ਬੀਤੀ ਰਾਤ 1 ਵਜੇ ਦੇ ਕਰੀਬ ਕੌਮੀ ਮਾਰਗ ਤੇ ਲੁਧਿਆਣਾ - ਜਲੰਧਰ ਬਾਈਪਾਸ ਨੇੜੇ ਵਾਪਰਿਆ। ਬੱਸ ਹਰਿਦੁਆਰ ਤੋਂ ਜੰਮੂ ਜਾ ਰਹੀ ਸੀ ਕਿ ਹਾਈਵੇਅ ਤੇ ਅਚਾਨਕ ਪਲਟ ਗਈ। ਜਾਣਕਾਰੀ ਮੁਤਾਬਕ ਬੱਸ ਦਾ ਟਾਇਰ ਪੰਕਚਰ ਹੋ ਗਿਆ, ਜਿਸ ਕਾਰਨ ਬੱਸ ਪਲਟ ਗਈ ਅਤੇ ਕਈ ਸਵਾਰੀਆਂ ਜ਼ਖਮੀ ਹੋ ਗਈਆਂ। ਇਕ ਯਾਤਰੀ ਦੀ ਵੀ ਮੌਤ ਹੋ ਗਈ, ਜਿਸ ਦੀ ਅਜੇ ਤੱਕ ਪਛਾਣ ਨਹੀਂ ਹੋ ਸਕੀ ਹੈ।

ਬੱਸ ਪਲਟਦਿਆਂ ਹੀ ਚਾਰੇ ਪਾਸੇ ਹਫੜਾ-ਦਫੜੀ ਮਚ ਗਈ। ਬੱਸ ਚ ਫਸੀਆਂ ਸਵਾਰੀਆਂ ਦੀਆਂ ਚੀਕਾਂ ਸੁਣ ਕੇ ਰਾਹਗੀਰਾਂ ਅਤੇ ਆਸ-ਪਾਸ ਦੇ ਲੋਕ ਮੌਕੇ ਤੇ ਪਹੁੰਚ ਗਏ ਅਤੇ ਲੋਕਾਂ ਨੂੰ ਬੱਸ ਚੋਂ ਬਾਹਰ ਕੱਢਣਾ ਸ਼ੁਰੂ ਕਰ ਦਿੱਤਾ । ਹਸਪਤਾਲ ਚ ਦਾਖਲ ਜ਼ਖਮੀ ਕੁਲਦੀਪ ਨੇ ਦੱਸਿਆ ਕਿ ਬੱਸ ਚ 48 ਦੇ ਕਰੀਬ ਸਵਾਰੀਆਂ ਸਨ, ਜਿਨ੍ਹਾਂ ਚੋਂ 35 ਦੇ ਕਰੀਬ ਲੋਕ ਜ਼ਖਮੀ ਹਨ। ਪੁਲਿਸ ਨੇ ਵੀ ਮੌਕੇ ਤੇ ਪਹੁੰਚ ਕੇ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

# ਸ੍ਰੀ ਅਕਾਲ ਤਖ਼ਤ ਸਾਹਿਬ ਦੀ ਚਿੱਠੀ ਹੋਈ ਵਾਇਰਲ: ਸੁਖਬੀਰ ਬਾਦਲ ਸਮੇਤ 17 ਸਾਬਕਾ ਮੰਤਰੀਆਂ ਨੂੰ ਨੋਟਿਸ ਜਾਰੀ

ਅੰਮ੍ਰਿਤਸਰ (ਲੋਕ ਬਾਣੀ)- ਪੰਜਾਬ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਸਮੇਤ 17 ਸਾਬਕਾ ਮੰਤਰੀਆਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਨੋਟਿਸ ਭੇਜੇ ਗਏ ਹਨ। ਪੰਜ ਤਖ਼ਤਾਂ ਦੇ ਜਥੇਦਾਰਾਂ ਦੀ 30 ਅਗਸਤ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਹੋਈ ਮੀਟਿੰਗ ਤੋਂ ਬਾਅਦ ਜਾਰੀ ਹੁਕਮਨਾਮੇ ਦੀ ਕਾਪੀ ਵਾਇਰਲ ਹੋਈ ਹੈ। ਜਿਸ ਵਿੱਚ ਸੁਖਬੀਰ ਬਾਦਲ ਸਮੇਤ 17 ਸਾਬਕਾ ਅਕਾਲੀ ਮੰਤਰੀਆਂ ਦੇ ਨਾਂ ਦਰਜ ਹਨ। ਇਨ੍ਹਾਂ ਸਾਰਿਆਂ ਨੂੰ 15 ਦਿਨਾਂ ਦੇ ਅੰਦਰ ਆਪੋ-ਆਪਣੇ ਸਪੱਸ਼ਟੀਕਰਨ ਦੇਣ ਲਈ ਕਿਹਾ ਗਿਆ ਹੈ।



ਇਸ ਦੇ ਨਾਲ ਹੀ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਅਕਾਲੀ ਦਲ ਅਤੇ ਬਾਗੀ ਧੜੇ ਦਰਮਿਆਨ ਚੱਲ ਰਹੀ ਸ਼ਬਦੀ ਜੰਗ ਨੂੰ ਰੋਕਣ ਲਈ ਸਖ਼ਤ ਹੁਕਮ ਜਾਰੀ ਕੀਤੇ ਹਨ। ਉਨ੍ਹਾਂ ਕਿਹਾ ਕਿ ਇਹ ਮਾਮਲਾ ਅਜੇ ਵਿਚਾਰ ਅਧੀਨ ਹੈ ਅਤੇ ਕੋਈ ਫੈਸਲਾ ਹੋਣਾ ਬਾਕੀ ਹੈ। ਅਜਿਹੇ ਚ ਇਸ ਤੇ ਕੋਈ ਟਿੱਪਣੀ ਜਾਂ ਬਿਆਨ ਨਹੀਂ ਦੇਣਾ ਚਾਹੀਦਾ।

ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਜਾਰੀ ਪੱਤਰ ਵਿੱਚ ਲਿਖਿਆ ਗਿਆ ਹੈ- ਤੁਹਾਨੂੰ ਸੂਚਿਤ ਕੀਤਾ ਜਾਂਦਾ ਹੈ ਕਿ 30 ਅਗਸਤ 2024 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ 5 ਸਿੱਖ ਸਾਹਿਬਾਨ ਦੀ ਇਕੱਤਰਤਾ ਹੋਈ। ਜਿਸ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਨਾਲ-ਨਾਲ ਉਸ ਸਮੇਂ ਦੇ ਕੈਬਨਿਟ ਮੰਤਰੀ ਹੋਣ ਦੇ ਨਾਤੇ ਆਪ ਵੀ ਬਰਾਬਰ ਦੇ ਜ਼ਿੰਮੇਵਾਰ ਹੋ। ਜਿਸ ਲਈ 15 ਦਿਨਾਂ ਦੇ ਅੰਦਰ ਅੰਦਰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਨਿੱਜੀ ਤੌਰ ਤੇ ਪੇਸ਼ ਹੋ ਕੇ ਆਪਣਾ ਸਪੱਸ਼ਟੀਕਰਨ ਦੇਣਾ ਚਾਹੀਦਾ ਹੈ।

# ਸ੍ਰੀ ਮੁਕਤੀ ਨਰਾਇਣ ਧਾਮ ਵੈਂਕਟੇਸ਼ ਮੰਦਿਰ ਕਮੇਟੀ ਵੱਲੋਂ 49 ਮਹਿਲਾਵਾਂ ਨੂੰ ਦਿੱਤਾ ਮਹੀਨੇ ਵਾਰ ਰਾਸ਼ਨ



ਅੰਮ੍ਰਿਤਸਰ (ਲੋਕ ਬਾਣੀ) ਪੂਜਨਯੋਗ ਸੁਆਮੀ ਰਾਮਾਚਾਰਿਆ ਮਹਾਰਾਜ ਜੀ ਅਤੇ ਸੁਆਮੀ ਸੁਦਰਸ਼ਨਾਚਾਰਿਆ ਜੀ ਦੇ ਅਸ਼ੀਰਵਾਦ ਸਦਕਾ ਸ੍ਰੀ ਮੁਕਤੀ ਨਰਾਇਣ ਧਾਮ ਵੈਂਕਟੇਸ਼ ਮੰਦਿਰ,ਗਰੀਨ ਫੀਲਡ, ਮਜੀਠਾ ਰੋਡ ਵਿਖੇ ਜ਼ਰੂਰਤਮੰਦ ਪਰਿਵਾਰਾਂ ਨੂੰ ਰਾਸ਼ਨ ਭੇਂਟ ਕੀਤਾ ਗਿਆ। 148ਵੇਂ ਮਾਸਿਕ ਰਾਸ਼ਨ ਵੰਡ ਪ੍ਰੋਗਰਾਮ ਦੇ ਦੌਰਾਨ 49 ਜ਼ਰੂਰਤਮੰਦ ਪਰਿਵਾਰਾਂ ਦੀਆਂ ਮਹਿਲਾਵਾਂ ਨੂੰ ਰਸੋਈ ਵਿੱਚ ਇਸਤੇਮਾਲ ਹੋਣ ਵਾਲੇ ਸਮਗਰੀ ਦਿੱਤੀ ਗਈ।

ਮੰਦਰ ਕਮੇਟੀ ਦੇ ਅਹੁਦੇਦਾਰ ਕ੍ਰਿਸ਼ਨ ਦੇਵ ਅਗਨੀਹੋਤਰੀ,ਚਰਨਜੀਤ ਅਗਨੀਹੋਤਰੀ,ਚਰਨਜੀਤ ਭਾਸਕਰ ਨੇ ਦੱਸਿਆ ਕਿ ਮੰਦਿਰ ਕਮੇਟੀ ਵੱਲੋਂ ਧਾਰਮਿਕ ਕੰਮਾਂ ਦੇ ਨਾਲ ਨਾਲ ਸਿਹਤ ਅਤੇ ਸਮਾਜਿਕ ਸੇਵਾਵਾਂ ਵੱਲ ਵੀ ਵੱਧ ਚੜ ਕੇ ਯੋਗਦਾਨ ਦਿੱਤਾ ਜਾ ਰਿਹਾ ਹੈ। ਯੋਗ ਕਲਾਸਾਂ ਦੇ ਨਾਲ ਨੌਜਵਾਨ ਲੜਕੀਆਂ ਨੂੰ ਸਵੈ ਰੁਜ਼ਗਾਰ ਕਰਨ ਦੇ ਉਦੇਸ਼ ਨਾਲ ਕੋਰਸ ਵੀ ਕਰਵਾਏ ਜਾਂਦੇ ਹਨ। ਹਰ ਮਹੀਨੇ ਜ਼ਰੂਰਤਮੰਦ ਪਰਿਵਾਰਾਂ ਨੂੰ ਪਿਛਲੇ ਕਈ ਸਾਲਾਂ ਤੋਂ ਮਹੀਨੇ ਵਾਰ ਰਾਸ਼ਨ ਦਿੱਤਾ ਜਾ ਰਿਹਾ ਹੈ। ਉਹਨਾਂ ਨੇ ਕਿਹਾ ਕਿ ਨਸ਼ਿਆਂ ਅਤੇ ਹੋਰ ਸਮਾਜਿਕ ਬੁਰਾਈਆਂ ਦਾ ਤਿਆਗ ਕਰਕੇ ਨੌਜਵਾਨਾਂ ਦੀ ਧਾਰਮਿਕ ਤੇ ਸਮਾਜਿਕ ਕੰਮਾਂ ਵੱਲ ਵੱਧਦੀ ਰੁਚੀ ਖੁਸ਼ੀ ਖੁਸ਼ੀ ਵਾਲੀ ਗੱਲ ਹੈ। ਇਸ ਮੌਕੇ ਤੇ ਰਵੀ ਸ਼ਰਮਾ, ਰੁਪੇਸ਼ ਗੋਇੰਕਾ,ਭਾਰਤ ਭੂਸ਼ਣ, ਗੁਪਤਾ,ਸੁਬਾਸ਼ ਸ਼ਰਮਾ, ਨਵਦੀਪ ਸ਼ਰਮਾ,ਅਸ਼ੋਕ ਗੁਪਤਾ,ਪੰਡਿਤ ਜੈ ਕਿਸ਼ਨ, ਪੰਡਿਤ ਵਿਸ਼ਨੂ,ਪੰਡਿਤ ਵਿਜੇ ਸ਼ਾਸਤਰੀ ਸਮੇਤ ਹੋਰਨਾਂ ਲੋਕਾਂ ਵੱਲੋਂ ਆਪਣੀਆਂ ਸੇਵਾਵਾਂ ਭੇਟ ਕੀਤੀਆਂ ਗਈਆਂ।

# ਬਸਪਾ ਆਗੂ ਡਾਕਟਰ ਜਗਜੀਵਨ ਸਿੰਘ ਨੇ ਐਮਐਲਏ ਨਛੱਤਰ ਪਾਲ ਸਿੰਘ ਨੂੰ ਦਿੱਤਾ ਪੱਤਰ

## ਗਰੀਬ ਲੋਕਾਂ ਦਾ ਗਲਾ ਘੁੱਟਣ ਲੱਗੀਆਂ ਨੇ ਸਮੇਂ ਦੀਆਂ ਸਰਕਾਰਾਂ



ਸ਼ੇਰਪੁਰ (ਸੱਤਪਾਲ ਸਿੰਘ ਕਾਲਾਬੂਲਾ) ਮਜ਼ਦੂਰ ਜਮਾਤ ਨੂੰ ਹੱਕ ਦਬਾਉਣ ਲਈ ਮੋਹਰੀ ਭੂਮਿਕਾ ਨਿਭਾ ਰਹੇ ਡਾਕਟਰ ਜਗਜੀਵਨ ਸਿੰਘ ਸ਼ੇਰਪੁਰ ਇੰਚਾਰਜ ਬਸਪਾ ਜਿਲ੍ਹਾ ਬਰਨਾਲਾ ਵੱਲੋਂ ਬਹੁਜਨ ਸਮਾਜ ਪਾਰਟੀ ਦੇ ਨਿਧੱੜਕ ਐਮ ਐਲ ਏ ਡਾਕਟਰ ਨਛੱਤਰ ਪਾਲ ਨਵਾਂ ਸ਼ਹਿਰ ਸਾਹਿਬ ਨੂੰ ਪੰਜਾਬ ਭਵਨ ਵਿੱਚ ਮਿਲਕੇ ਗਰੀਬ ਲੋਕਾਂ ਨਾਲ ਹੋ ਰਹੇ ਧੱਕੇ ਸੰਬੰਧਿਤ ਮੈਮੋਰੈਂਡਮ ਦਿੱਤਾ। ਜਿਸ ਤੇ ਉਨ੍ਹਾਂ ਕਿਹਾ ਕਿ 20 ਮੈਂਬਰੀ ਕਮੇਟੀ ਵਿੱਚ ਇਸ ਨੂੰ ਪੇਸ਼ ਕਰਕੇ ਇਨਸਾਫ਼ ਦਿਵਾਉਣ ਦੀ ਕੀਤੀ। ਉਨਾਂ ਪੱਤਰ ਵਿੱਚ ਲਿਖਿਆ ਹੈ ਕਿ ਪਿਛਲੇ ਲੰਮੇ ਸਮੇਂ ਤੋਂ ਸਾਡੇ ਦਲਿਤ ਮਜ਼ਦੂਰਾਂ ਦਾ ਕੁਝ ਧਨਾੜ ਲੋਕਾਂ ਵੱਲੋਂ ਲਗਾਤਾਰ ਸ਼ੋਸ਼ਣ ਕੀਤਾ ਜਾ ਰਿਹਾ ਹੈ। ਜਿਸ ਵਿੱਚ ਉਹਨਾਂ ਦੱਸਿਆ ਕਿ ਪਿੰਡਾਂ ਵਿਚਲੀਆਂ ਰਿਜਰਵ ਕੋਟੇ ਦੀਆਂ ਪੰਚਾਇਤੀ ਜਮੀਨਾਂ ਅੰਦਰ ਉਹਨਾਂ ਦਾ ਬਣਦਾ ਹੱਕ ਨਾ ਦੇਣਾ ਅਤੇ ਹੋਰ ਕਈ ਤਰ੍ਹਾਂ ਦੇ ਪਿੰਡਾਂ ਅੰਦਰ ਵਿਕਾਸ ਕਾਰਜਾਂ ਨੂੰ ਲੈ ਕੇ ਉਹਨਾਂ ਨਾਲ ਬਿਤਕਰੇਬਾਜ਼ੀ ਲਗਾਤਾਰ ਜਾਰੀ ਹੈ। ਉਹਨਾਂ ਇਹ ਵੀ ਆਖਿਆ ਹੈ ਕਿ ਸਮੇਂ ਦੀ ਸਰਕਾਰ ਗਰੀਬ ਲੋਕਾਂ ਦੀ ਕੋਈ ਗੱਲ ਸੁਣਨ ਨੂੰ ਤਿਆਰ ਨਹੀਂ। ਅਤੇ ਨਾ ਹੀ ਅੱਜ ਤੱਕ ਪੰਜਾਬ ਸਰਕਾਰ ਨੇ ਗਰੀਬਾਂ ਵੱਲ ਮੁੜ ਕੇ ਕੋਈ ਝਾਤੀ ਮਾਰੀ ਹੈ। ਸਗੋਂ ਉਹਨਾਂ ਨਾਲ ਜ਼ੁਲਮ ਅਤੇ ਧੱਕੇਸ਼ਾਹੀਆਂ ਵਿੱਚ ਜ਼ਰੂਰ ਵਾਧਾ ਹੋਇਆ ਹੈ।

# 218 ਦਿਵਿਆਂਗਜ਼ਨਾਂ ਨੂੰ ਅਲਿਮਕੇ ਵਲੋਂ ਨਿਰਮਿਤ ਕੁਲ 316 ਸਹਾਇਕ ਉਪਕਰਣ ਵੰਡੇ ਗਏ



ਸਹੀਦ ਭਗਤ ਸਿੰਘ ਨਗਰ 3 ਸਤੰਬਰ (ਰਮੇਸ਼ ਸਰਮਾ/ਮਨਪ੍ਰੀਤ ਵਾਸੂ) ਦਿਵਿਆਂਗਜ਼ਨਾਂ ਨੂੰ ਸਮਾਜ ਦੀ ਮੁੱਖ ਧਾਰਾ ਵਿੱਚ ਲਿਆਉਣ ਲਈ ਸਰਕਾਰ ਵਲੋਂ ਉਨਾਂ ਦੇ ਕਲਿਆਣ ਅਤੇ ਪੁਨਰਵਾਸ ਦੇ ਲਈ ਕੰਮ ਕੀਤੇ ਜਾ ਰਹੇ ਹਨ ਜਿਸਦੇ ਤਹਿਤ, ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿੱਚ, ਬਲਾਕਵਾਈਜ਼ ਬਲਾਚੌਰ, ਸੜੋਆ, ਬੰਗਾ, ਔੜ, ਬਲਾਕ ਨਵਾਂਸ਼ਹਿਰ ਵਿਚ ਮੁਫ਼ਤ ਦਿਵਯਾਂਗਜਨ ਉਪਕਰਣ ਵੰਡ ਸਮਾਰੋਹ, ਦਾ ਆਯੋਜਨ ਕੀਤਾ ਗਿਆ। ਇਹ ਜਾਣਕਾਰੀ ਹਲਕਾ ਇੰਚਾਰਜ ਨਵਾਂਸ਼ਹਿਰ ਲਲਿਤ ਮੋਹਨ ਪਾਠਕ ਨੇ ਦਿੰਦਿਆਂ ਦੱਸਿਆ ਕਿ ਜ਼ਿਲ੍ਹੇ ਵਿੱਚ ਇਹ ਕੈਂਪ ਸਮਾਜਿਕ ਨਿਆਂ ਅਤੇ ਅਧਿਕਾਰਿਤਾ ਮੰਤਰਾਲੇ, ਭਾਰਤ ਸਰਕਾਰ ਦੇ ਦਿਵਿਆਂਗਜਨ ਸਸ਼ਕਤੀਕਰਨ ਵਿਭਾਗ ਦੇ ਅਧੀਨ ਕੰਮ ਕਰ ਰਹੇ ਭਾਰਤੀਯ ਕ੍ਰਿਤਰਮ ਅੰਗ ਨਿਰਮਾਣ ਨਿਗਮ (ਅਲਿਮਕੋ) ਅਤੇ ਜ਼ਿਲਾ ਪ੍ਰਸ਼ਾਸਨ, ਸਹੀਦ ਭਗਤ ਸਿੰਘ ਦੀ ਭਾਗੀਦਾਰੀ ਨਾਲ ਇਸ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਇਨ੍ਹਾਂ ਕੈਂਪਾਂ ਦੇ ਦੌਰਾਨ, ਜਿਨ੍ਹਾਂ ਲਾਭਪਾਤਰੀਆਂ ਨੂੰ ਜ਼ਿਲੇ ਵਿੱਚ ਪਹਿਲਾ ਪਰੀਖਣ ਸਮਾਰੋਹ ਵਿੱਚ ਨਿਸ਼ਾਨਬੱਧ ਕੀਤਾ ਗਿਆ ਸੀ ਉਨ੍ਹਾਂ ਲਾਭਪਾਤਰੀਆਂ ਨੂੰ ਸਰਕਾਰ ਦੀ ਯੋਜਨਾ ਦੇ ਅੰਤਰਗਤ 218 ਦਿਵਿਆਂਗਜ਼ਨਾਂ ਨੂੰ ਅਲਿਮਕੇ ਵਲੋਂ ਨਿਰਮਿਤ ਕੁਲ 316 ਸਹਾਇਕ ਉਪਕਰਣ ਵੰਡੇ ਗਏ ਜਿਸ ਵਿੱਚ 59 ਮੋਟਰਾਈਜ਼ਡ ਟਰਾਈਸਾਈਕਲ, 31 ਟਰਾਈਸਾਈਕਲ, 49 ਵ੍ਹੀਲਚੇਅਰ, 02 ਸੁਗਮਿਆ ਕੰਨ, 34 ਬੈਸਾਖੀਆਂ, ਛੜੀਆ 08 ਨਕਲੀ ਅੰਗ ਅਤੇ ਕੈਲੀਪਰ 68 ਦਿਵਿਆਂਗਜਨਾਂ ਨੂੰ ਅਤੇ ਕੰਨਾਂ ਦੀ ਮਸ਼ੀਨ 60 ਦਿਵਿਆਂਗਜ਼ਨਾਂ ਨੂੰ ਦਿੱਤੇ ਗਏ। ਇਸ ਤਰਾਂ ਨਾਲ ਜਿਲ੍ਹਾ ਸਹੀਦ ਭਗਤ ਸਿੰਘ ਨਗਰ ਦੇ ਸਮੂਹ ਬਲਾਕਾਂ ਵਿਚ ਰਕਮ 46,26,000/- ਰੁ: ਦੀ ਕੀਮਤ ਦਾ ਸਮਾਨ ਦਿਵਿਆਂਗਜ਼ਨਾਂ ਨੂੰ ਵੰਡਿਆ ਗਿਆ ਹੈ।ਇਸ ਮੌਕੇ ਤੇ ਭਾਰਤੀਯ ਕ੍ਰਿਤਰਮ ਅੰਗ ਨਿਰਮਾਣ ਨਿਗਮ (ਅਲਿਮਕੇ) ਦੇ ਅਧਿਕਾਰੀ ਸ਼੍ਰੀ ਅਸ਼ੋਕ ਸਾਹੂ, Officer, P & O Alimco, ਸ਼੍ਰੀ ਅਨਿਲ Audiologist, ਅਲਿਮਚੋ ਜ਼ਿਲ੍ਹਾ ਪ੍ਰਸ਼ਾਸਨ ਸ਼ਹੀਦ ਭਗਤ ਸਿੰਘ ਨਗਰ ਦੇ ਅਧਿਕਾਰੀਆਂ ਦੇ ਰੂਪ ਵਿਚ ਸ੍ਰੀਮਤੀ ਰਾਜਕਿਰਨ ਕੋਰ, ਜਿਲ੍ਹਾ ਸਮਾਜਿਕ ਸੁਰੱਖਿਆ ਅਫਸਰ ਸ.ਭ.ਸ.ਨਗਰ, ਸਮੂਹ ਬਲਾਕਾਂ ਦੇ ਸੀ.ਡੀ.ਪੀ.ਓ. ਸਹਿਬਾਨ,ਸਮੂਹ ਸੁਪਵਾਇਜਰਜ਼ ਅਤੇ ਆਂਗਣਵਾੜੀ ਵਰਕਰ ਤੇ ਹੈਲਪਰ ਇਨ੍ਹਾਂ ਸਮਾਰੋਹਾਂ ਵਿਚ ਮੌਜੂਦ ਰਹੇ।

# ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਪੁਰਬ ਨੂੰ ਸਮਰਪਿਤ




ਸ਼੍ਰੀ ਅਨੰਦਪੁਰ ਸਾਹਿਬ, (ਦਵਿੰਦਰਪਾਲ ਸਿੰਘ): ਜੁਗੋ ਜੁਗ ਅਟੱਲ ਸਾਹਿਬ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸ਼੍ਰੀ ਅਨੰਦਪੁਰ ਸਾਹਿਬ ਫਾਊਂਡੇਸ਼ਨ ਅਤੇ ਸਤਿਗੁਰੂ ਓਟ ਆਸਰਾ ਐਸੋਸੀਏਸ਼ਨ ਵਲੋਂ ਤਖਤ ਸ੍ਰੀ ਕੇਸਗੜ ਸਾਹਿਬ ਦੀ ਛੱਤਰ ਛਾਇਆ ਹੇਠ 7 ਸਤੰਬਰ ਦਿਨ ਸ਼ਨੀਵਾਰ ਨੂੰ ਸ਼ਾਮ 8 ਵਜੇ ਤੋਂ ਰਾਤ 10 ਵਜੇ ਤੱਕ ਗੁਰਦੁਆਰਾ ਸੀਸਗੰਜ ਸਾਹਿਬ ਸ੍ਰੀ ਅਨੰਦਪੁਰ ਸਾਹਿਬ ਵਿਖੇ ਮਹਾਨ ਗੁਰਮਤਿ ਸਮਾਗਮ ਕਰਵਾਇਆ ਜਾ ਰਿਹਾ ਹੈ । ਇਸ ਸਬੰਧੀ ਜਾਣਕਾਰੀ ਦਿੰਦਿਆਂ ਫਾਊਂਡੇਸ਼ਨ ਦੇ ਆਗੂ ਮਨਿੰਦਰਪਾਲ ਸਿੰਘ ਮਨੀ ਨੇ ਦੱਸਿਆ ਕਿ ਸਮਾਗਮ ਵਿੱਚ ਪੰਥ ਪ੍ਰਸਿੱਧ ਕੀਰਤਨੀਏ ਭਾਈ ਹਰਜਿੰਦਰ ਸਿੰਘ ਜੀ ਸ਼੍ਰੀ ਨਗਰ ਵਾਲੇ ਅਤੇ ਪ੍ਰਿੰਸੀਪਲ ਸੁਖਵੰਤ ਸਿੰਘ ਜੀ ਵਲੋਂ ਸੰਗਤਾਂ ਨੂੰ ਗੁਰਬਾਣੀ ਕੀਰਤਨ ਅਤੇ ਗੁਰਮਤਿ ਵਿਚਾਰਾਂ ਰਾਹੀਂ ਨਿਹਾਲ ਕੀਤਾ ਜਾਵੇਗਾ। ਇਹਨਾਂ ਤੋਂ ਇਲਾਵਾ ਤਖਤ ਸ੍ਰੀ ਕੇਸਗੜ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਸੁਲਤਾਨ ਸਿੰਘ ਜੀ, ਸੰਤ ਬਾਬਾ ਕਸ਼ਮੀਰ ਸਿੰਘ ਜੀ ਭੂਰੀ ਵਾਲੇ, ਬਾਬਾ ਗੁਰਦੇਵ ਸਿੰਘ ਜੀ ਸ਼ਹੀਦੀ ਬਾਗ ਵਾਲੇ, ਸ਼੍ਰੋਮਣੀ ਕਮੇਟੀ ਮੈਂਬਰ ਭਾਈ ਅਮਰਜੀਤ ਸਿੰਘ ਚਾਵਲਾ ਸਮੇਤ ਕਈ ਹੋਰ ਸ਼ਖਸ਼ੀਅਤਾਂ ਦੀ ਸਮਾਗਮ ਵਿਚ ਹਾਜ਼ਰੀਆਂ ਭਰਨਗੀਆਂ। ਉਹਨਾਂ ਨੇ ਇਲਾਕੇ ਦੀਆਂ ਸੰਗਤਾਂ ਨੂੰ ਬੇਨਤੀ ਕੀਤੀ ਕਿ ਵੱਧ ਤੋਂ ਵੱਧ ਸੰਗਤਾਂ ਸਮਾਗਮ ਵਿੱਚ ਹਾਜਰੀ ਭਰ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰਨ। ਇਸ ਮੌਕੇ ਅਕਾਸ਼ਦੀਪ ਚੱਠਾ, ਗੁਰਪ੍ਰੀਤ ਸਿੰਘ, ਹਰਸ਼ਦੀਪ ਸਿੰਘ, ਦਲਬੀਰ ਸਿੰਘ ਧੂੜੀਆ, ਜਪਜੋਤ ਸਿੰਘ, ਇੰਦਰਪ੍ਰੀਤ ਸਿੰਘ, ਮਨਿੰਦਰਪਾਲ ਸਿੰਘ ਚੱਠਾ, ਕਰਨਜੋਤ ਸਿੰਘ, ਗਗਨਦੀਪ ਸਿੰਘ ਮਿੰਕੂ, ਸੁਖਵਿੰਦਰ ਸਿੰਘ ਆਦਿ ਹਾਜ਼ਰ ਸਨ।

# ਸੰਤੋਸ਼ ਕਟਾਰੀਆ ਵਿਧਾਇਕ ਦੀ ਹਾਜ਼ਰੀ ਵਿੱਚ ਪਿੰਡ ਚਾਹਲ ਜੱਟਾਂ ਦੇ ਵੱਡੇ ਕਾ.ਫਲੇ ਨੇ ਫੜਿਆ ਆਪ ਦਾ ਪੱਲਾ...

ਸਹੀਦ ਭਗਤ ਸਿੰਘ ਨਗਰ (ਰਮੇਸ਼ ਸਰਮਾ/ ਮਨਪ੍ਰੀਤ ਵਾਸੂ)ਭਗਵੰਤ ਮਾਨ ਮੁੱਖ ਮੰਤਰੀ ਪੰਜਾਬ, ਸਰਕਾਰ ਦੀਆਂ ਲੋਕ-ਪੱਖੀ ਨੀਤੀਆਂ ਤੋਂ ਪ੍ਰਭਾਵਿਤ ਹੋ ਕੇ ਅਤੇ ਹਲਕਾ ਵਿਧਾਇਕ ਸ੍ਰੀਮਤੀ ਸੰਤੋਸ਼ ਕਟਾਰੀਆ ਅਤੇ ਸਤਨਾਮ ਜਲਾਲਪੁਰ ਜ਼ਿਲ੍ਹਾ ਪ੍ਰਧਾਨ ਦੀ ਅਗਵਾਈ ਵਿੱਚ ਪਿੰਡ ਚਾਹਲ ਜੱਟਾਂ ਤੋ ਸਾਬਕਾ ਸਰਪੰਚ ਬਲਜਿੰਦਰ ਕੌਰ ਸਾਥੀਆ ਸਮੇਤ ਸ਼੍ਰੋਮਣੀ ਅਕਾਲੀ ਦਲ ਪਾਰਟੀ ਨੂੰ ਛੱਡ ਕੇ 'ਆਪ' 'ਚ ਸ਼ਾਮਲ ਹੋਏ। ਇਸ ਮੌਕੇ ਬੀਬੀ ਸੰਤੋਸ਼ ਕਟਾਰੀਆ ਨੇ ਰਵਾਇਤੀ ਪਾਰਟੀਆਂ ਨੂੰ ਛੱਡ ਕੇ ਆਪ ਚ ਆਏ ਸਾਰੇ ਸਮਰਥਕਾਂ ਦਾ ਨਿੱਘਾ ਸਵਾਗਤ ਮਫਲਰ ਪਾ ਕੇ ਕੀਤਾ। ਸੰਤੋਸ਼ ਕਟਾਰੀਆ ਨੇ ਕਿਹਾ ਕਿ ਸ਼ਾਮਲ ਹੋਏ ਸਾਰੇ ਸਾਥੀਆਂ ਨੂੰ ਪਾਰਟੀ ਵਿੱਚ ਬਣਦਾ ਮਾਣ ਸਤਿਕਾਰ ਦਿੱਤਾ ਜਾਵੇਗਾ।ਇਸ ਮੌਕੇ ਅਸ਼ੋਕ ਕਟਾਰੀਆ ਸੀਨੀਅਰ ਆਗੂ ਆਮ ਆਦਮੀ ਪਾਰਟੀ ਨੇ ਕਿਹਾ ਕਿ ਜਲਦ ਹੀ ਰਵਾਇਤੀ ਪਾਰਟੀਆਂ ਦੇ ਇਮਾਨਦਾਰ ਆਗੂ ਆਮ ਆਦਮੀ ਪਾਰਟੀ ਵਿੱਚ ਸ਼ਾਮਿਲ ਹੋਣ ਜਾ ਰਹੇ ਹਨ। ਇਸ ਮੌਕੇ ਕਰਨਵੀਰ ਕਟਾਰੀਆ ਯੂਥ ਆਗੂ ਨੇ ਸ਼ਾਮਲ ਹੋਏ ਸਾਥੀਆਂ ਦਾ ਸੁਆਗਤ ਕੀਤਾ।ਇਸ ਦੀ ਜਾਣਕਾਰੀ ਮੀਡੀਆ ਨੂੰ ਦਿੰਦੇ ਹੋਏ ਚੰਦਰ ਮੋਹਨ ਜੇਡੀ ਮੀਡੀਆ ਇੰਚਾਰਜ ਨੇ ਕਿਹਾ ਕਿ ਲੋਕ ਰਵਾਇਤੀ ਪਾਰਟੀਆਂ ਦੇ ਲੋਕ ਲੁਭਾਵਣੇ ਝੂਠੇ ਵਾਅਦਿਆਂ ਤੋਂ ਦੁਖੀ ਹਨ।ਇਸ ਮੌਕੇ ਆਮ ਆਦਮੀ ਪਾਰਟੀ ਵਿੱਚ ਨਰਿੰਦਰਪਾਲ ਸਾਬਕਾ ਪੰਚ,ਨਿਰਮਲ ਸਾਬਕਾ ਪੰਚ.ਮੋਹਨ ਸਿੰਘ,ਸੋਹਨ ਸਿੰਘ .ਸਿੰਗਾਰਾ ਸਿੰਘ,ਬਲਵੀਰ ਸਿੰਘ,ਕੁਲਦੀਪ ਸਿੰਘ ,ਮਨਜੀਤ ਸਿੰਘ,ਕੁਲਵੰਤ ਸਿੰਘ,ਨਿਰਮਲ ਸਿੰਘ,ਸਰਵਨ ਸਿੰਘ ,ਸਰਿੰਦਰ ਸਿੰਘ,ਅਵਤਾਰ ਸਿੰਘ,ਹਰਨੇਕ ਸਿੰਘ,ਗੁਰਦੇਵ ਕੌਰ,ਬਲਜਿੰਦਰ ਕੌਰ,ਕੁਲਜੀਤ ਕੌਰ ਆਦਿ ਸ਼ਾਮਲ ਹੋਏ ਇਸ ਮੌਕੇ ਸਾਬਕਾ ਸਰਪੰਚ ਵਿੱਦਿਆ ਸਾਗਰ,ਮਦਨ ਲਾਲ,ਜਸਵੀਰ ਘੁੰਮਣ ਬਲਾਕ ਪ੍ਰਧਾਨ ,ਨਰੇਸ਼ ਪੰਡਿਤ ਬਲਾਕ ਪ੍ਰਧਾਨ,ਬਲਵੀਰ ਸਿੰਘ ਭੰਗੂ,ਨਸੀਬ ਚੰਦ,ਸਰਨ ਬਾਠ,ਜੱਸਾ ©♣੧ ,ਬਾਬੂ ਇੰਗਲੈਂਡ ਅਤੇ ਪਾਰਟੀ ਵਲੰਟੀਅਰ ਹਾਜ਼ਰ ਸਨ




# ਵਾਰਡ ਨੰਬਰ 5 'ਚ ਕੌਂਸਲਰ ਪਰਮਜੀਤ ਕੌਰ ਘੜੂੰਆਂ ਵਲੋਂ ਸਮਸ਼ਾਨ ਘਾਟ ਦੇ ਲੈਂਟਰ ਦਾ ਕੰਮ ਸ਼ੁਰੂ ਕਰਵਾਇਆ



ਖਰੜ, (ਕਾਲਾ ਸਿੰਘ ਸੈਣੀ ) -ਵਾਰਡ ਨੰਬਰ 5,ਗੁਰੂ ਤੇਗ ਬਹਾਦਰ ਨਗਰ ਖਰੜ 'ਚ ਕੌਂਸਲਰ ਬੀਬੀ ਪਰਮਜੀਤ ਕੌਰ ਘੜੂੰਆ ਵਲੋਂ ਸਮੂਹ ਵਾਰਡ ਨਿਵਾਸੀਆਂ ਦੇ ਸਹਿਯੋਗ ਲਾਂਲ ਸਮਸ਼ਾਨ ਘਾਟ ਨੂੰ ਨਵੇਂ ਸਿਰੇ ਤੋਂ ਬਣਾਉਣ ਦਾ ਕੰਮ ਸ਼ੁਰੂ ਕਰਵਾਇਆ ਗਿਆ। ਇਸ ਮੌਕੇ ਕੌਂਸਲਰ ਪਰਮਜੀਤ ਕੌਰ ਘੜੂੰਆਂ ਵਲੋਂ ਜਾਣਕਾਰੀ ਦਿੰਦਿਆਂ ਦੱਸਿਆ ਕਿ ਵਾਰਡ ਨੰਬਰ 5 'ਚ ਪੈਂਦੇ ਸਮਸ਼ਾਨ ਘਾਟ ਦੀ ਹਾਲਤ ਬਹੁਤ ਮਾੜੀ ਹੋ ਚੁੱਕੀ ਸੀ ਵਾਰਡ ਨਿਵਾਸੀਆਂ ਦੇ ਕਹਿਣ 'ਤੇ ਇਸ ਦੇ ਪੁਰਾਣੇ ਸੈਂਡ ਦੀ ਥਾਂ ਲੈਂਟਰ ਪਾ ਦਿੱਤਾ ਜਾਵੇਗਾ। ਅਤੇ ਹੋਰ ਕਈ ਜਰੂਰੀ ਕੰਮ ਵੀ ਕਰਵਾਏ ਜਾਣਗੇ ਜਿਨਾਂ ਕੇ 5 ਲੱਖ ਰੁਪਏ ਤੱਕ ਦਾ ਖਰਚਾ ਆਵੇਗਾ। ਇਸ ਮੌਕੇ ਹਰਭਜਨ ਸਿੰਘ,ਜਸਬੀਰ ਸਿੰਘ,ਦਰਸ਼ਨ ਸਿੰਘ,ਜਸਵਿੰਦਰ ਸਿੰਘ,ਸਤਵਿੰਦਰ ਸਿੰਘ,ਅਮਨਦੀਪ ਸਿੰਘ,ਜਗਤਾਰ ਸਿੰਘ,ਪ੍ਰਕਾਸ਼ ਸਿੰਘ,ਬਚਨ ਸਿੰਘ,ਰਜਿੰਦਰ ਸਿੰਘ,ਹਰਚਰਨ ਸਿੰਘ,ਵਰਿੰਦਰ ਦਾਸ,ਓਪੀ ਸ਼ਰਮਾ,ਮਦਨ ਲਾਲ,ਨਿਰਮਲ ਸਿੰਘ, ਹਰਭਜਨ ਸਿੰਘ,ਕੇ.ਕੇ.ਸਿੰਘ,ਜਗਵਿੰਦਰ ਸਿੰਘ, ਵਿਨੇ ਸ਼ਰਮਾ ਤੋਂ ਇਲਾਵਾ ਹੋਰ ਵਾਰਡ ਨਿਵਾਸੀ ਹਾਜ਼ਰ ਸਨ।

# ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਨੂੰ ਲੋਕ ਮੁੜ ਚੇਤੇ ਕਰਨ ਲੱਗੇ: ਜਸਪ੍ਰੀਤ ਜੱਸੀ ਖੇੜੀ

ਸ਼ੇਰਪੁਰ (ਸੱਤਪਾਲ ਸਿੰਘ ਕਾਲਾਬੂਲਾ) ਲੋਕਾਂ ਨਾਲ ਅਨੇਕਾਂ ਦਿਲਕਸ ਵਾਅਦੇ ਕਰਕੇ ਸੱਤਾ ਵਿੱਚ ਆਈ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਢਾਈ ਸਾਲਾਂ ਦੇ ਕਾਰਜ ਕਾਲ ਦੌਰਾਨ ਪੰਜਾਬ ਦੇ ਲੋਕਾਂ ਨੂੰ ਲਾਰਿਆਂ ਤੋਂ ਸਿਵਾਏ ਕੁਝ ਨਹੀਂ ਦਿੱਤਾ ਸਗੋਂ ਪੰਜਾਬ ਨੂੰ ਆਰਥਿਕ ਪੱਖੋਂ ਕਮਜ਼ੋਰ ਹੀ ਕੀਤਾ ਹੈ।

ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਯੂਥ ਵਿੰਗ ਦੇ ਮੀਤ ਪ੍ਰਧਾਨ ਜਸਪ੍ਰੀਤ ਜੱਸੀ ਖੇੜੀ ਨੇ ਇੱਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਉਹਨਾਂ ਕਿਹਾ ਹੈ ਕਿ ਸੂਬੇ ਨੂੰ ਰੰਗਲਾ ਬਣਾਉਣ ਵਾਲੀ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਪੰਜਾਬ ਦੇ ਸਰਕਾਰੀ ਦਫਤਰਾਂ ਵਿੱਚ ਹੁੰਦੀ ਕਾਲਾ ਬਜ਼ਾਰੀ ਨੂੰ ਰੋਕਣ ਅਤੇ ਸਿਹਤ ਸਹੂਲਤਾਂ ਨੂੰ ਲੋਕਾਂ ਤੱਕ ਪਹੁੰਚਾਉਣ ਵਿੱਚ ਬੁਰੀ ਤਰ੍ਹਾਂ ਫੇਲ ਸਾਬਤ ਹੋ ਰਹੀ ਹੈ। ਕਿਉਂਕਿ ਅੱਜ ਉਸੇ ਤਰ੍ਹਾਂ ਹੀ ਸਰਕਾਰੀ ਦਫਤਰਾਂ ਵਿੱਚ ਲੋਕਾਂ ਦੀ ਖੱਜਲ ਖੁਆਰੀ ਅਤੇ ਲੁੱਟ ਖਸੁੱਟ ਜਾਰੀ ਹੈ ਲੋਕ ਆਮ ਆਦਮੀ ਪਾਰਟੀ ਨੂੰ ਵੋਟਾਂ ਪਾ ਕੇ ਆਪਣੇ ਆਪ ਨੂੰ ਲੁੱਟੇ ਲੁੱਟੇ ਮਹਿਸੂਸ ਵੀ ਕਰਨ ਲੱਗ ਪਏ ਹਨ। ਖੇੜੀ ਨੇ ਸਿਹਤ ਕੇਂਦਰ ਸੇਰਪੁਰ ਦੀ ਗੱਲ ਕਰਦਿਆਂ ਕਿਹਾ ਹੈ ਕਿ ਇੱਥੇ ਡਾਕਟਰਾਂ ਤੋਂ ਇਲਾਵਾ ਦਵਾਈਆਂ ਅਤੇ ਛੋਟੇ ਛੋਟੇ ਟੈਸਟਾਂ ਦੀ ਵੀ ਵੱਡੀ ਪੱਧਰ ਤੇ ਘਾਟ ਹੋਣ ਕਾਰਨ ਪਿੰਡਾਂ ਦੇ ਲੋੜਵੰਦ ਮਰੀਜ਼ਾਂ ਨੂੰ ਧੂਰੀ ਮਲੇਰਕੋਟਲਾ ਜਾਂ ਫਿਰ ਬਰਨਾਲੇ ਦੇ ਹਸਪਤਾਲਾਂ ਵਿੱਚ ਜਾ ਕੇ ਆਪਣਾ ਇਲਾਜ ਕਰਵਾਉਣਾ ਪੈ ਰਿਹਾ ਹੈ। ਉਨਾਂ ਇਲਾਕੇ ਦੀਆਂ ਸੜਕਾਂ ਦੀ ਗੱਲ ਕਰਦਿਆਂ ਕਿਹਾ ਹੈ ਕਿ ਬੜੇ ਦੁੱਖ ਦੀ ਗੱਲ ਹੈ ਕਿ ਖੁਦ ਮੁੱਖ ਮੰਤਰੀ ਦੇ ਹਲਕੇ ਅੰਦਰ ਸੜਕਾਂ ਦਾ ਬੁਰਾ ਹਾਲ ਹੋ ਚੁੱਕਾ ਹੈ। ਸਰਕਾਰ ਢਾਈ ਸਾਲਾਂ ਦੇ ਕਾਰਜ ਕਾਲ ਦੌਰਾਨ ਧੂਰੀ ਸ਼ੇਰਪੁਰ ਬਰਨਾਲਾ ਰੋਡ ਨੂੰ ਬਣਾਉਣ ਵਿੱਚ ਵੀ ਫਾਡੀ ਸਾਬਤ ਹੋਈ ਹੈ। ਜਦੋਂ ਕਿ ਮੁੱਖ ਮੰਤਰੀ ਦੇ ਹਲਕੇ ਨਾਲ ਇਹ

**ਮਾਨ ਸਰਕਾਰ ਲੋਕਾਂ ਨੂੰ ਸਹੂਲਤਾਂ ਦੇਣ ਵਿੱਚ ਫੇਲ ਹੋਈ**



ਸਬੰਧਤ ਸੜਕ ਹੈ। ਜੱਸੀ ਖੇੜੀ ਨੇ ਅੱਗੇ ਆਖਿਆ ਹੈ ਕਿ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਸਮੇਂ ਜਿੱਥੇ ਸੜਕਾਂ ਦੀ ਨੁਹਾਰ ਬਦਲੀ ਗਈ ਸੀ ਉੱਥੇ ਸਰਕਾਰੀ ਸਕੂਲਾਂ ਹਸਪਤਾਲਾਂ ਅੰਦਰ ਵੀ ਲੋਕਾਂ ਨੂੰ ਸਾਰੀਆਂ ਮਿਲਦੀਆਂ ਸਨ। ਉਹਨਾਂ ਦਾਅਵਾ ਕੀਤਾ ਕਿ ਆਉਣ ਵਾਲੇ ਸਮੇਂ ਅੰਦਰ ਲੋਕ ਸ਼੍ਰੋਮਣੀ ਅਕਾਲੀ ਦਲ ਦੇ ਹੱਕ ਵਿੱਚ ਪਿੰਡਾਂ ਅੰਦਰ ਪੂਰਨ ਤੌਰ ਤੇ ਲੋਕ ਲਹਿਰ ਬਣ ਚੁੱਕੀ ਹੈ ਅਤੇ ਭਵਿੱਖ ਅੰਦਰ ਪੰਜਾਬ ਦੇ ਲੋਕ ਪ੍ਰਧਾਨ ਸਰਦਾਰ ਸੁਖਬੀਰ ਸਿੰਘ ਬਾਦਲ ਨੂੰ ਸੂਬੇ ਦਾ ਮੁੱਖ ਮੰਤਰੀ ਦੇਖਣਾ ਚਾਹੁੰਦੇ ਹਨ ਕਿਉਂਕਿ ਸ਼੍ਰੋਮਣੀ ਅਕਾਲੀ ਦਲ ਇੱਕੋ ਇੱਕ ਕੁਰਬਾਨੀਆਂ ਵਾਲੀ ਪਾਰਟੀ ਹੈ।

# ਪੰਕਜ ਕੌੜਾ ਦੀ ਪ੍ਰਧਾਨਗੀ ਹੇਠ ਹੋਈ ਸਮਾਲ ਇੰਡਸਟ੍ਰੀਜ ਐਸੋਸੀਏਸ਼ਨ ਦੀ ਅੱਠਵੀਂ ਜਨਰਲ ਬਾਡੀ ਮੀਟਿੰਗ




ਫਗਵਾੜਾ (ਜੀਵਨ ਸੰਘਾ/ਸੁਸ਼ੀਲ ਸ਼ਰਮਾ) ਸਮਾਲ ਇੰਡਸਟਰੀਜ਼ ਐਸੋਸੀਏਸ਼ਨ ਦੀ ਅੱਠਵੀਂ ਜਨਰਲ ਬਾਡੀ ਮੀਟਿੰਗ ਐਸੋਸੀਏਸ਼ਨ ਦੇ ਪ੍ਰਧਾਨ ਪੰਕਜ ਕੌੜਾ ਦੀ ਪ੍ਰਧਾਨਗੀ ਹੇਠ ਸਥਾਨਕ ਇੱਕ ਹੋਟਲ ਵਿੱਚ ਹੋਈ ਇਸ ਦੌਰਾਨ ਮੁੱਖ ਮਹਿਮਾਨ ਸੁਖਜੀਤ ਸਟਾਰਚ ਐਂਡ ਕੈਮੀਕਲਜ਼ ਫਗਵਾੜਾ ਦੇ ਡਾਇਰੈਕਟਰ ਕੇ.ਕੇ. ਸਰਦਾਨਾ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ਜਦਕਿ ਭਾਰਤੀ ਇੰਜੀਨੀਅਰਿੰਗ ਤੋਂ ਵਿਕਾਸ ਉੱਪਲ ਗੈਸਟ ਆਫ ਆਨਰ ਵਜੋਂ ਮੌਜੂਦ ਰਹੇ ਇਸ ਦੌਰਾਨ ਐਸੋਸੀਏਸ਼ਨ ਵਲੋਂ ਉਦਯੋਗਪਤੀ ਕੇ.ਕੇ. ਸਰਦਾਨਾ ਨੂੰ ਪ੍ਰਾਈਡ ਆਫ ਫਗਵਾੜਾ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ ਕੇ.ਕੇ. ਸਰਦਾਨਾ ਨੇ ਇਸ ਸਨਮਾਨ ਲਈ ਸਮਾਲ ਇੰਡਸਟਰੀਜ਼ ਐਸੋਸੀਏਸ਼ਨ ਦੇ ਸਮੂਹ ਮੈਂਬਰਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਅਤੇ ਛੋਟੇ ਉਦਯੋਗਾਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਆਪਣੇ ਸੁਝਾਅ ਦੇ ਨਾਲ ਉਦਯੋਗਿਕ ਵਿਕਾਸ ਸਬੰਧੀ ਪ੍ਰਭਾਵਸ਼ਾਲੀ ਵਿਚਾਰ ਪੇਸ਼ ਕੀਤੇ। ਪ੍ਰਧਾਨ ਪੰਕਜ ਕੌੜਾ ਨੇ ਦੱਸਿਆ ਕਿ ਕੇ.ਕੇ. ਸਰਦਾਨਾ ਅਤੇ ਉਨ੍ਹਾਂ ਦਾ ਪਰਿਵਾਰ ਉਦਯੋਗਾਂ ਦੇ ਖੇਤਰ ਵਿੱਚ ਹੀ ਨਹੀਂ ਸਗੋਂ ਸਿੱਖਿਆ ਦੇ ਪ੍ਰਸਾਰ ਅਤੇ ਸਮਾਜ ਸੇਵਾ 'ਚ ਵੀ ਮੋਹਰੀ ਭੂਮਿਕਾ ਨਿਭਾ ਰਿਹਾ ਹੈ। ਜਿਸ ਕਾਰਨ ਸਮੂਹ ਫਗਵਾੜਾ ਵਾਸੀਆਂ ਨੂੰ ਉਹਨਾਂ 'ਤੇ ਮਾਣ ਹੈ ਇਸ ਤੋਂ ਇਲਾਵਾ ਉਨ੍ਹਾਂ ਸਮੂਹ ਮੈਂਬਰਾਂ ਨੂੰ ਭਰੋਸਾ ਦਿਵਾਇਆ ਕਿ ਲਘੂ ਉਦਯੋਗ ਦੀਆਂ ਸਮੱਸਿਆਵਾਂ ਨੂੰ ਪੰਜਾਬ ਅਤੇ ਕੇਂਦਰ ਸਰਕਾਰਾਂ ਅੱਗੇ ਠੋਸ ਰੂਪ ਵਿੱਚ ਉਠਾਇਆ ਜਾਵੇਗਾ ਤਾਂ ਜੋ ਸਾਰੀਆਂ ਸਮੱਸਿਆਵਾਂ ਦਾ ਸਹੀ ਢੰਗ ਨਾਲ ਹੱਲ ਕਰਵਾਇਆ ਜਾ ਸਕੇ ਮੰਚ ਸੰਚਾਲਨ ਕਰਦਿਆਂ ਐਸੋਸੀਏਸ਼ਨ ਦੇ ਸਕੱਤਰ ਰਜਨੀਸ਼ ਜੈਨ ਨੇ ਗੈਸਟ ਆਫ ਆਨਰ ਵਿਕਾਸ ਉੱਪਲ ਅਤੇ ਉਹਨਾਂ ਦੇ ਪਰਿਵਾਰ ਵਲੋਂ ਇੰਡਸਟਰੀ ਅਤੇ ਸਮਾਜਿਕ ਗਤੀਵਿਧੀਆਂ ਵਿਚ ਪਾਏ ਜਾ ਰਹੇ ਯੋਗਦਾਨ ਸਬੰਧੀ ਚਾਨਣਾ ਪਾਇਆ। ਵਿਕਾਸ ਉੱਪਲ ਨੂੰ ਵੀ ਐਸੋਸੀਏਸ਼ਨ ਵਲੋਂ ਸਨਮਾਨਤ ਕੀਤਾ ਗਿਆ ਇਸ ਮੌਕੇ ਸ਼੍ਰੀ ਇੰਦਰ ਖੁਰਾਣਾ ਪ੍ਰਭਾਤ ਗਰੁੱਪ, ਓਮ ਉੱਪਲ, ਅਸ਼ੋਕ ਸੇਠੀ, ਸੁਬੋਧ ਸੋਬਤੀ, ਅਮੋਘ ਸੋਬਤੀ, ਪਵਨ ਕਾਲੜਾ (ਕੈਮਲ ਆਟਾ), ਪ੍ਰੇਮ ਪਾਲ ਪੱਬੀ, ਮਨਦੀਪ ਸਿੰਘ, ਸਤਨਾਮ ਸਿੰਘ ਰਾਣਾ, ਨਰਿੰਦਰ ਠੁਕਰਾਲ, ਸਤਪਾਲ ਸਾਹਨੀ ਪ੍ਰਧਾਨ ਪੰਜ ਮੰਦਰ ਕਮੇਟੀ , ਨਿਤਿਨ ਸਾਹਨੀ, ਸਨਿੰਧਿਆ ਅਗਰਵਾਲ, ਮੁਕੇਸ਼ ਗੋਇਲ, ਰਾਕੇਸ਼ ਓਹਰੀ, ਪ੍ਰਦੀਪ ਢੱਲਾ, ਵਿਸ਼ਾਲ ਟੰਡਨ, ਬਲਬੀਰ ਕੁਮਾਰ ਆਦਿ ਹਾਜ਼ਰ ਸਨ

ਅਦਾਰਾ ਰੋਜ਼ਾਨਾ ਲੋਕ ਬਾਣੀ ਅਖਬਾਰ ਵਿੱਚ ਛਾਪੀਆਂ ਜਾਂਦੀਆ ਖਬਰਾਂ , ਰਿਪੋਰਟਾਂ , ਲੇਕ, ਕਹਾਣੀਆਂ, ਕਵਿਤਾਵਾ ਅਤੇ ਹਰ ਕਿਸਮ ਦੇ ਇਸ਼ਤਿਹਾਰ ਵਿੱਚ ਦਿੱਤੀ ਗਈ । ਸੂਚਨਾਂ, ਵਿਚਾਰ ਆਦਿ ਨਾਲ ਅਖਬਾਰ ਦੇ ਪ੍ਰਬੰਧਕਾਂ ਦਾ ਸਹਿਮਤ ਜ਼ਰੂਰੀ ਨਹੀਂ ਹੈ । ਇਸ ਅਖਬਾਰ ਵਿੱਚ ਛੱਪੇ ਇਸ਼ਤਿਹਾਰ ( ਡਿਸਪਲੇ, ਕਲਾਸੀਫਾਈਡ) ਦੇ ਤੱਥਾਂ ਲਈ ਪ੍ਰਬੰਧਕ ਕੋਈ ਜੰਮੇਵਾਰੀ ਨਹੀ ਲੈਂਦੇ ਕਿਉਂਕਿ ਅਖਬਾਰ ਇੰਨਾ ਨੂੰ ਤਸਦੀਕ ਨਹੀਂ ਕਰਦਾ ਪਾਠਕਾਂ/ਸ਼ੁਭ ਚਿੰਤਕਾ ਨੂੰ ਬੇਨਤੀ ਹੈ । ਕਿ ਉਹ ਇੰਨਾ ਇਸ਼ਤਿਹਾਰਾਂ ਤੇ ਕੋਈ ਕਾਰਵਾਈ ਕਰਨ ਤੋਂ ਪਹਿਲਾਂ ਇੰਨਾਂ ਤੱਥਾਂ ਦੀ ਪੜਤਾਲ , ਪੁਸ਼ਟੀਕਰ ਲੈਣ।ਰੋਜ਼ਾਨਾਲੋਕ ਬਾਣੀ ਚ ਪ੍ਰਕਾਸ਼ਿਤ ਸੱਮਗਰੀ ਅਤੇ ਹੋਰ ਵਾਦ-ਵਿਵਾਦ ਸਬੰਧੀ ਕੇਸਾ ਦਾ ਨਿਪਟਾਰਾ ਸਿਰਫ ਜਲੰਧਰ ਕੋਰਟ ਵਿੱਚ ਹੀ ਹੋਵੇਗਾ, ਲੇਖਕਾਂ ਦੀ ਰਾਏ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀ । ਖਬਰਾਂ ਪ੍ਰਤੀ ਜਿੰਮੇਵਾਰੀ ਪੱਤਰਕਾਰ ਦੀ ਹੋਵੇਗੀ ।

Daily Lok Bani(Punjabi) R.N.I. Punpun/29016/2008 Editor, owner, Printer , Publisher, Amandeep Mehra , Printed at Rachna Printers , Railway Road Jalandhar Place of Publication :308 Sangam Complex milap Chowk , Jalandhar (India), Contact No.: 0181-2211009, Fax : 2211009, Email id : lokbani08@gmail.com, Editormehra@gmail.com

# ਨਵਪ੍ਰੀਤ ਸਿੰਘ ਸ਼ੇਰਗਿੱਲ ਨੇ ਸਬ ਰਜਿਸਟਰਾਰ ਅਤੇ ਤਹਿਸੀਲਦਾਰ ਖਰੜ ਦਾ ਅਹੁੱਦਾ ਸੰਭਾਲਿਆ




ਖਰੜ, ( ਕਾਲਾ ਸਿੰਘ ਸੈਣੀ ):-ਪੰਜਾਬ ਸਰਕਾਰ ਦੇ ਮਾਲ ਵਿਭਾਗ ਵਲੋਂ ਜਿਲਾ ਮਾਲ ਅਫਸਰਾਂ ਅਤੇ ਤਹਿਸੀਲਦਾਰਾਂ ਦੇ ਕੀਤੇ ਗਏ ਤਬਾਦਲਿਆਂ ਵਿਚ ਸਬ ਰਜਿਸਟਰਾਰ ਖਰੜ ਅਤੇ ਤਹਿਸੀਲਦਾਰ ਖਰੜ ਦੇ ਅਹੁੱਦੇ ਤੇ ਤਾਇਨਾਤ ਕੀਤੇ ਗਏ ਨਵਪ੍ਰੀਤ ਸਿੰਘ ਸ਼ੇਰਗਿੱਲ ਨੇ ਅਹੁੱਦਾ ਸੰਭਾਲ ਲਿਆ। ਉਨਾਂ ਨੂੰ ਤਹਿਸੀਲਦਾਰ ਖਰੜ ਦਾ ਵੀ ਵਾਧੂ ਚਾਰਜ਼ ਦਿੱਤਾ ਗਿਆ ਹੈ। ਉਹ ਇਸ ਤੋਂ ਪਹਿਲਾਂ ਲੁਧਿਆਣਾ ਸੈਂਟਰਲ ਵਿਖੇ ਤਾਇਨਾਤ ਸਨ। ਇਸ ਤੋਂ ਪਹਿਲਾਂ ਉਨਾਂ ਐਸ.ਡੀ.ਐਮ.ਖਰੜ ਗੁਰਮੰਦਰ ਸਿੰਘ ਨਾਲ ਮੀਟਿੰਗ ਕੀਤੀ। ਇਸ ਮੌਕੇ ਆਰ.ਸੀ.ਦਵਿੰਦਰ ਸਿੰਘ, ਰੀਡਰ ਪੁਸ਼ਪਿੰਦਰ ਸੂਦ, ਵਿਕਾਸ ਜੈਨ ਸਮੇਤ ਹੋਰ ਸਟਾਫ ਮੈਂਬਰ ਹਾਜ਼ਰ ਸਨ।

# ਖੇਡਾਂ ਵਤਨ ਪੰਜਾਬ ਦੀਆਂ 2024 ਸੀਜ਼ਨ-3 ਅਧੀਨ ਬਲਾਕ ਚੋਹਲਾ ਸਾਹਿਬ ਦੇ ਹੋਏ ਖੇਡ ਮੁਕਾਬਲੇ-ਜ਼ਿਲ੍ਹਾ ਖੇਡ ਅਫ਼ਸਰ

ਚੋਹਲਾ ਸਾਹਿਬ , (ਲੋਕ ਬਾਣੀ) ਖੇਡਾਂ ਵਤਨ ਪੰਜਾਬ ਦੀਆਂ 2024 ਸੀਜ਼ਨ-3 ਅਧੀਨ ਅੱਜ ਬਲਾਕ ਪੱਧਰੀ ਟੂਰਨਾਮੈਂਟ ਮਲਟੀਪਰਪਜ ਸਪੋਰਟਸ ਕਲੱਬ ਚੋਹਲਾ ਸਾਹਿਬ ਕਰਵਾਇਆ ਗਿਆ। ਜਿਸ ਦਾ ਉਦਘਾਟਨ ਐਮ. ਐਲ. ਏ. ਹਲਕਾ ਖਡੂਰ ਸਾਹਿਬ ਸ੍ਰ. ਮਨਜਿੰਦਰ ਸਿੰਘ ਲਾਲਪੁਰਾ ਦੇ ਪੀ. ਏ. ਸ੍ਰ. ਗੁਰਸ਼ਰਨ ਸਿੰਘ, ਕੇਵਲ ਸਿੰਘ, ਜਗਤਾਰ ਸਿੰਘ, ਮਨਮੋਹਨ ਸਿੰਘ, ਨਿਰਮਲ ਸਿੰਘ ਬੀ. ਡੀ. ਪੀ. ਓ ਚੋਹਲਾ ਸਾਹਿਬ ਸ਼ਮਸੇਰ ਸਿੰਘ ਵੱਲੋਂ ਕੀਤਾ ਗਿਆ। ਇਸ ਮੌਕੇ ਸ਼੍ਰੀਮਤੀ ਸਤਵੰਤ ਕੌਰ ਜ਼ਿਲਾ ਖੇਡ ਅਫਸਰ ਅਤੇ ਸਮੂਹ ਕੋਚ ਹਾਜ਼ਰ ਸਨ।

ਖੇਡਾਂ ਵਤਨ ਪੰਜਾਬ ਦੀਆਂ ਤਹਿਤ ਬਲਾਕ ਚੋਹਲਾ ਸਾਹਿਬ ਦੇ ਹੋਏ ਬਲਾਕ ਪੱਧਰੀ ਖੇਡ ਮੁਕਾਬਲਿਆਂ ਸਬੰਧੀ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਖੇਡ ਅਫ਼ਸਰ ਤਰਨ ਤਾਰਨ ਸ੍ਰੀਮਤੀ ਸਤਵੰਤ ਕੌਰ ਨੇ ਦੱਸਿਆ ਕਿ ਐਥਲੈਟਿਕਸ ਮੁਕਾਬਲਿਆਂ ਦੌਰਾਨ (100 ਮੀਟਰ) ਈਵੈਂਟ ਅੰਡਰ-17 ਵਿੱਚ ਏਕਮ ਜੋਤਸਿੰਘ ਪਹਿਲਾ ਸਥਾਨ, ਨਵਜੋਤ ਸਿੰਘ ਦੂਸਰਾ ਸਥਾਨ ਅਤੇ ਗੁਰਨੂਰ ਤੀਜਾ ਸਥਾਨ ਪ੍ਰਾਪਤ ਕੀਤਾ।

ਇਸ ਤੋਂ ਇਲਾਵਾ (100 ਮੀਟਰ) ਲੜਕੀਆਂ ਈਵੈਂਟ ਅੰਡਰ-17 ਵਿੱਚ ਅਮਰਜੀਤ ਕੌਰ ਨੇ ਪਹਿਲਾ ਸਥਾਨ, ਜੈਸਮੀਨ ਕੌਰ ਨੇ ਦੂਸਰਾ ਸਥਾਨ ਅਤੇ ਜਸਮੀਤ ਕੌਰ ਨੇ ਤੀਜਾ ਸਥਾਨ ਹਾਸਲ ਕੀਤਾ।

ਜ਼ਿਲ੍ਹਾ ਖੇਡ ਅਫ਼ਸਰ ਨੇ ਦੱਸਿਆ ਕਿ ਸ਼ਾੱਟਪੁੱਟ ਅੰਡਰ-14 ਲੜਕੀਆਂ ਵਿੱਚ ਪ੍ਰਭਜੋਤ ਕੌਰ ਨੇ ਪਹਿਲਾ ਸਥਾਨ ਅਤੇ ਜਸਪ੍ਰੀਤ ਕੌਰ ਨੇ ਦੂਸਰਾ, ਸ਼ਾੱਟਪੁੱਟ ਅੰਡਰ-14 ਲੜਕੇ ਵਿੱਚ ਸ਼ੁਭਦੀਪ ਸਿੰਘ ਨੇ ਪਹਿਲਾ ਸਥਾਨ ਸੁਖਮਨਦੀਪ ਨੇ ਦੂਸਰਾ ਸਥਾਨ, ਸ਼ਾੱਟਪੁੱਟ ਅੰਡਰ-17 ਲੜਕੇ ਵਿੱਚ ਕਾਰਜ ਸਿੰਘ ਪਹਿਲਾ ਸਥਾਨ ਤੇ ਸੁਬੇਗ ਸਿੰਘ ਨੇ ਦੂਸਰਾ ਸਥਾਨ, ਸ਼ਾੱਟਪੁੱਟ ਅੰਡਰ-21-30 ਲੜਕੇ ਵਿੱਚ ਅਰਵਿੰਦਰ ਸਿੰਘ ਨੇ ਪਹਿਲਾ ਸਥਾਨ, ਕਰਮਜੀਤ ਸਿੰਘ ਨੇ ਦੂਸਰਾ ਸਥਾਨ ਅਤੇ ਗੁਰਪ੍ਰੀਤ ਸਿੰਘ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ।




ਇਸ ਤੋਂ ਇਲਾਵਾ ਫੁੱਟਬਾਲ ਅੰਡਰ-14 ਵਿੱਚ ਚੋਹਲਾ ਸਾਹਿਬ ਨੇ ਪਹਿਲਾ ਸਥਾਨ, ਖਾਲਸਾ ਸੀਨੀਅਰ ਸੈਕੰਡਰੀ ਸਕੂਲ ਸਰਹਾਲੀ ਨੇ ਦੂਸਰਾ ਸਥਾਨ, ਫੁੱਟਬਾਲ ਅੰਡਰ-17 ਵਿੱਚ ਜਾਮਾਰਾਏ ਨੇ ਪਹਿਲਾ ਸਥਾਨ ਅਤੇ ਛਾਪੜੀ ਸਾਹਿਬ ਨੇ ਦੂਸਰਾ ਸਥਾਨ, ਫੁੱਟਬਾਲ ਅੰਡਰ-21ਵਿੱਚ ਭਰੋਵਾਲ ਪਹਿਲਾ ਸਥਾਨ ਤੇ ਮੁੰਡਾ ਪਿੰਡ ਨੇ ਦੂਸਰਾ ਸਥਾਨ ਹਾਸਲ ਕੀਤਾ।

ਉਹਨਾਂ ਦੱਸਿਆ ਕਿ ਕਬੱਡੀ ਅੰਡਰ-14 ਵਿੱਚ ਚੋਹਲਾ ਸਾਹਿਬ ਪਹਿਲਾ ਸਥਾਨ, ਖੋ-ਖੋ ਅੰਡਰ-17 (ਲੜਕੀਆਂ) ਵਿੱਚ ਬ੍ਰਹਮਪੁਰਾ ਨੇ ਪਹਿਲਾ ਸਥਾਨ, ਜਾਮਾਰਾਏ ਨੇ ਦੂਸਰਾ ਸਥਾਨ, ਖੋ-ਖੋ ਅੰਡਰ-21 (ਲੜਕੀਆਂ) ਵਿੱਚ ਚੋਹਲਾ ਸਾਹਿਬ ਨੇ ਪਹਿਲਾ ਸਥਾਨ ਅਤੇ ਵਾਲੀਬਾਲ ਅੰਡਰ-14 ਵਿੱਚ ਬ੍ਰਹਮਪੁਰਾ ਨੇ ਪਹਿਲਾ ਸਥਾਨ ਤੇ ਚੰਬਾ ਨੇ ਦੂਸਰਾ ਸਥਾਨ ਪ੍ਰਾਪਤ ਕੀਤਾ।

ਜ਼ਿਲ੍ਹਾ ਖੇਡ ਅਫ਼ਸਰ ਸ਼੍ਰੀਮਤੀ ਸਤਵੰਤ ਕੋਰ ਨੇ ਦੱਸਿਆ ਕਿ 04 ਸਤੰਬਰ ਨੂੰ ਬਲਾਕ ਖਡੂਰ ਸਾਹਿਬ ਦੇ ਖੇਡ ਮੁਕਾਬਲੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮੀਆਂਵਿੰਡ ਵਿਖੇ ਕਰਵਾਏ ਜਾਣਗੇ।

# ਜੇ.ਟੀ.ਪੀ.ਐੈਲ ਖਰੜ ਦੇ ਨਿਵਾਸੀਆਂ ਵਲੋਂ ਸੀਵਰੇਜ ਦੀ ਸਮੱਸਿਆ ਦੇ ਹੱਲ ਲਈ ਐਮ.ਪੀ ਮਾਲਵਿੰਦਰ ਸਿੰਘ ਕੰਗ ਨੂੰ ਦਿੱਤਾ ਮੰਗ ਪੱਤਰ

ਖਰੜ, (ਕਾਲਾ ਸਿੰਘ ਸੈਣੀ ):-ਖਰੜ-ਲਾਂਡਰਾਂ ਰੋਡ 'ਤੇ ਸਥਿਤ ਜੇ.ਟੀ.ਪੀ.ਐੈਲ ਦੇ ਨਿਵਾਸੀਆਂ ਵਲੋਂ ਸੀਵਰੇਜ ਦੇ ਪਾਣੀ ਦੀ ਸਮੱਸਿਆ ਨੂੰ ਦੇਖਦੇ ਪੀ.ਐੈਸ.ਪੀ.ਸੀ. ਐੈਲ ਦੇ ਵੀ.ਆਈ.ਪੀ. ਗੈਸਟ ਹਾਊਸ ਵਿਖੇ ਸੰਸਦ ਮੈਂਬਰ ਮਾਲਵਿੰਦਰ ਸਿੰਘ ਕੰਗ ਨੂੰ ਮਿਲਕੇ ਮੰਗ ਪੱਤਰ ਸੌਪਿਆਂ। ਇਸ ਮੌਕੇ ਸੰਭਵ ਨਾਇਰ,ਹਰਜੀਤ ਸਿੰਘ ਸੋਢੀ,ਮੈਡਮ ਰੋਜ਼ੀ ਨੇ ਦੱਸਿਆ ਕਿ ਸੁਸਾਇਟੀ ਦੇ ਘਰਾਂ ਅੱਗੇ ਪਿੱਛਲੇ ਲੰਮੇਂ ਸਮੇਂ ਤੋਂ ਸੀਵਰੇਜ ਦਾ ਗੰਦਾ ਪਾਣੀ ਨੇ ਛੱਪੜ ਦਾ ਰੂਪ ਧਾਰਨ ਕੀਤਾ ਹੋਇਆ ਹੈ। ਜਿਸ ਕਾਰਨ ਮੱਛਰ ਅਤੇ ਮੱਖਿਆਂ ਦੀ ਭਰਮਾਰ ਬੇਹੱਦ ਹੈ। ਬਰਸਾਤ ਦਾ ਮੌਸਮ ਹੋਣ ਕਰਕੇ ਭਿਆਨਕ ਬਿਮਾਰੀਆਂ ਫੈਲਣ ਦਾ ਵੀ ਭਰ ਬਣਿਆ ਹੋਇਆ ਹੈ। ਉਨਾਂ ਦੱਸਿਆ ਕਿ ਬੱਚਿਆਂ ਦਾ ਸਕੂਲ ਜਾਣਾ ਆਉਣ ਲਈ ਗੰਦੇ ਪਾਣੀ 'ਚ ਲੱਗਣਾ ਪੈਂਦਾ ਹੈ। ਬਰਸਾਤੀ ਪਾਣੀ ਅਤੇ ਸੀਵਰੇਜ ਦੇ ਪਾਣੀ ਦੇ ਹੱਲ ਲਈ ਜੇ.ਟੀ. ਪੀ.ਐੈਲ ਦੇ ਨਿਵਾਸੀ ਪਿੱਛਲੇ ਕਈ ਮਹੀਨਿਆਂ ਤੋਂ ਸਰਕਾਰੀ ਦਫਤਰਾਂ ਦੇ ਚੱਕਰ ਲਗਾ ਚੁੱਕੇ ਹਨ। ਬਿਲਡਰਾਂ ਵਲੋਂ ਵੀ ਸੀਵਰੇਜ ਦੀ ਨਿਕਾਸੀ ਅਤੇ ਸੜਕਾਂ ਬਣਾਉਣ ਵਲ ਕੋਈ ਧਿਆਨ ਨਹੀਂ ਦਿੱਤਾ ਗਿਆ। ਊਨਾਂ ਦੱਸਿਆ ਕਿ ਸੁਸਾਇਟੀ ਦਾ ਐਸ.ਟੀ.ਪੀ. ਪਲਾਂਟ ਵੀ ਬੰਦ ਪਿਆ ਹੈ। ਸੁਸਾਇਟੀ ਦੀ ਅਧੂਰੇ ਕੰਮਾਂ ਨੂੰ ਕਰਵਾਉਣ ਲਈ ਮੰਗ ਪੱਤਰ ਦਿੱਤਾ ਗਿਆ। ਇਸ ਮੌਕੇ ਸੰਸਦ ਮੈਂਬਰ ਮਾਲਵਿੰਦਰ ਸਿੰਘ ਕੰਗ ਵਲੋਂ ਸਾਰੀਆਂ ਸਮੱਸਿਆਵਾਂ ਦਾ ਹੱਲ ਕਰਨ ਦਾ ਭਰੋਸਾ ਦਿੱਤਾ ਗਿਆ। ਉਨਾਂ ਕਿਹਾ ਕਿ ਪੰਜਾਬ ਸਰਕਾਰ ਕਾਲੋਨੀਆਂ ਦੀਆਂ ਸਮੱਸਿਆਵਾਂ ਬਾਰੇ ਸੰਜੀਦਗੀ ਨਾਲ ਕੰਮ ਕਰ ਰਹੀ ਹੈ।




# ਸ਼੍ਰੀ ਰਾਮ ਲੀਲਾ ਡਰਾਮਾਟਿਕ ਕਲੱਬ ਖਰੜ ਵਲੋਂ ਰਿਹਰਸਲ ਕੀਤੀ ਸ਼ੁਰੂ




ਖਰੜ, (ਕਾਲਾ ਸਿੰਘ ਸੈਣੀ ):-ਸ਼੍ਰੀ ਰਾਮ ਲੀਲਾ ਡਰਾਮਾਟਿਕ ਕਲੱਬ ਖਰੜ ਵਲੋਂ ਥਾਣ ਸਿਟੀ ਖਰੜ ਵਿਖੇ ਹਰ ਸਾਲ ਦੀ ਤਰਾਂ ਸ਼੍ਰੀ ਰਾਮ ਲੀਲਾ ਮੰਚਨ 1 ਅਕਤੂਬਰ ਤੋਂ ਸ਼ੁਰੂ ਕੀਤਾ ਜਾਵੇਗਾ ਅਤੇ ਜਿਸ ਦੀ ਸੰਪੂਰਨਤਾ 13 ਅਕਤੂਬਰ ਨੂੰ ਹੋਵੇਗੀ। ਇਸ ਸਬੰਧੀ ਜਾਣਕਾਰੀ ਦਿੰਦਿਆਂ ਕਲੱਬ ਦੇ ਪ੍ਰਧਾਨ ਸ਼ਿਵ ਚਰਨ ਪਿੰਕੀ,ਪਰਵੀਨ ਕਰਵਲ,ਪੰਕਜ ਚੱਢਾ, ਵਰਿੰਦਰ ਭਾਮਾ,ਹਰਗੋਪਾਲ ਬਿੱਲੂ ਨੇ ਦੱਸਿਆ ਕਿ ਕਲੱਬ ਦੇ ਮੈਂਬਰ ਵਲੋਂ ਆਪਣੇ ਕਿਰਦਾਰਾਂ ਨੂੰ ਹੋਰ ਵਧਿਆ ਢੰਗ ਨਾਲ ਪੇਸ਼ ਕਰਨ ਲਈ ਰਿਹਰਸਲ ਸ਼ੁਰੂ ਕਰ ਦਿੱਤੀ ਗਈ ਹੈ। ਉਨਾਂ ਦੱਸਿਆ ਕਿ ਸ਼ਹਿਰ ਨਿਵਾਸੀਆਂ ਦੇ ਪੂਰਨ ਸਹਿਯੋਗ ਨਾਲ ਇਹ ਰਾਮ ਲੀਲਾ ਦਾ ਮੰਚਨ ਸੰਨ 1964 ਤੋਂ ਲਗਾਤਾਰ ਸ਼ਾਨਦਾਰ ਕੀਤਾ ਜਾ ਰਿਹਾ ਹੈ। ਉਨਾਂ ਦੱਸਿਆ ਕਿ ਕਲੱਬ ਮੈਂਬਰਾਂ ਦੀ ਡਿਊਟੀਆਂ ਲਗਾ ਦਿੱਤੀਆਂ ਗਈਆਂ ਹਨ। ਜੋ ਬਹੁਤ ਹੀ ਸੁੱਚਜੇ ਢੰਗ ਨਾਲ ਮਿਹਨਤ ਕਰ ਰਹੇ ਹਨ। ਇਸ ਮੌਕੇ ਜਗਦੀਸ਼ ਧੀਮਾਨ,ਯੋਗੇਸ਼ ਕਪਿਲ ਜੋਗੀ,ਸਰਵਜੀਤ ਵਿੱਕੀ,ਅਜੈ ਸ਼ਰਮਾ,ਸ਼ਾਮਸੁੰਦਰ ਲਾਂਬਾ,ਸੰਗੀਤਕ ਟੀਮ ਮਨੂ ਧੀਮਾਨ,ਰਾਮ ਕੁਮਾਰ ਰਾਜੂ ਅਤੇ ਹੋਰ ਕਲਾਕਾਰ ਹਾਜ਼ਰ ਸਨ।

# ਮਿਸਲ ਸਤਲੁਜ ਨੇ ਕੇਂਦਰ-ਰਾਜ ਸਬੰਧਾਂ ਨੂੰ ਮੁੜ ਪਰਿਭਾਸ਼ਿਤ ਕਰਨ ਦਾ ਦਿੱਤਾ ਸੱਦਾ

ਨੂਰਮਹਿਲ (ਜਲੰਧਰ) , (ਲੋਕ ਬਾਣੀ) ਸਮਾਜਿਕ-ਰਾਜਨੀਤਿਕ ਸੰਗਠਨ - ਮਿਸਲ ਸਤਲੁਜ ਨੇ ਅੱਜ ਨੂਰਮਹਿਲ, ਜਲੰਧਰ ਜ਼ਿਲ੍ਹੇ ਵਿੱਚ ਇੱਕ ਮਹੱਤਵਪੂਰਨ ਬੈਠਕ ਕੀਤੀ ਜਿਸ ਵਿਚ ਉਨ੍ਹਾਂ ਨੇ ਆਪਣੇ ਟੀਚਿਆਂ ਅਤੇ ਮਨੋਰਥ ਦੀ ਰੂਪਰੇਖਾ ਦੱਸਣ ਵਾਲਾ ਆਪਣਾ ਵਿਆਪਕ ਦਸਤਾਵੇਜ਼ ਪੇਸ਼ ਕੀਤਾ। ਪ੍ਰਧਾਨ ਅਜੈਪਾਲ ਸਿੰਘ ਬਰਾੜ ਨੇ ਇਕੱਠ ਨੂੰ ਸੰਬੋਧਨ ਕਰਦਿਆਂ ਕੇਂਦਰ-ਰਾਜ ਸੰਬੰਧਾਂ ਨੂੰ ਮੁੜ ਪਰਿਭਾਸ਼ਿਤ ਕਰਨ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ, ਇਹ ਸੁਨਿਸ਼ਚਿਤ ਕਰਨ ਲਈ ਕਿ ਪੰਜਾਬ ਦੇ ਹਿੱਤਾਂ ਦੀ ਰੱਖਿਆ ਕੀਤੀ ਜਾਵੇ ਅਤੇ ਇਸਦੇ ਸਰੋਤਾਂ ਦਾ ਪ੍ਰਭਾਵਸ਼ਾਲੀ ਢੰਗ ਨਾਲ ਵਰਤਿਆ ਜਾਵੇ। ਉਨ੍ਹਾਂ ਨੇ ਨੀਤੀ ਨਿਰਮਾਣ ਲਈ ਪੰਜਾਬ-ਕੇਂਦਰਿਤਪਹੁੰਚ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ, ਜੋ ਰਾਜ ਦੀਆਂ ਵਿਲੱਖਣ ਚੁਣੌਤੀਆਂ ਅਤੇ ਇੱਛਾਵਾਂ ਨੂੰ ਸੰਬੋਧਿਤ ਕਰੇਗੀ।
ਪ੍ਰਸਿੱਧ ਬਲਾਗਰ ਮਨਦੀਪ ਸਿੰਘ ਮੀਟਿੰਗ ਵਿੱਚ ਸ਼ਾਮਲ ਹੋਏ ਅਤੇ ਪੰਜਾਬ ਵਿੱਚ ਇੱਕ ਖੇਤਰੀ ਪਾਰਟੀ ਦੀ ਤੁਰੰਤ ਲੋੜ ਬਾਰੇ ਗੱਲ ਕੀਤੀ। ਉਨ੍ਹਾਂ ਨੇ ਇੱਕ ਰਾਜਨੀਤਿਕ ਸੰਸਥਾ ਦੀ ਮਹੱਤਤਾ 'ਤੇ ਜ਼ੋਰ ਦਿੱਤਾ ਜੋ ਪੰਜਾਬੀਆਂ ਦੀਆਂ ਚਿੰਤਾਵਾਂ ਨੂੰ ਤਰਜੀਹ ਦੇਵੇਗੀ ਅਤੇ ਉਨ੍ਹਾਂ ਦੇ ਭਲੇ ਦੀ ਵਕਾਲਤ ਕਰੇਗੀ।



ਮਿਸਲ ਸਤਲੁਜ ਯੂਥ ਸੈੱਲ ਦੋਆਬਾ ਦੇ ਪ੍ਰਧਾਨ ਤੇਜਿੰਦਰ ਸਿੰਘ ਮਾਂਗਟ ਨੇ ਨੌਜਵਾਨਾਂ ਨੂੰ ਅੱਗੇ ਆਉਣ ਅਤੇ ਪੰਜਾਬ ਵਿੱਚ ਸਕਾਰਾਤਮਕ ਬਦਲਾਅ ਲਿਆਉਣ ਦੇ ਯਤਨਾਂ ਵਿੱਚ ਸਰਗਰਮੀ ਨਾਲ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਨੇ ਨੌਜਵਾਨਾਂ ਨੂੰ ਰਾਜ ਦੇ ਭਲੇ ਲਈ ਆਪਣੀ ਊਰਜਾ, ਵਿਚਾਰ ਅਤੇ ਹੁਨਰ ਦਾ ਯੋਗਦਾਨ ਪਾਉਣ ਲਈ ਉਤਸ਼ਾਹਿਤ ਕੀਤਾ।

ਬੈਠਕ ਦਾ ਆਯੋਜਨ ਮਿਸਲ ਸਤਲੁਜ ਨਕੋਦਰ ਦੇ ਹਲਕਾ ਇੰਚਾਰਜ ਦੇਵਿੰਦਰ ਸਿੰਘ ਸੰਘੋਵਾਲੀਆ ਨੇ ਕੀਤਾ। ਉਨ੍ਹਾਂ ਨੇ ਸਮਾਗਮ ਵਿੱਚ ਹਾਜ਼ਰ ਲੋਕਾਂ ਨੂੰ ਸੰਗਠਨ ਦੀਆਂ ਭਵਿੱਖ ਦੀਆਂ ਯੋਜਨਾਵਾਂ ਅਤੇ ਪਹਿਲਕਦਮੀਆਂ ਬਾਰੇ ਜਾਣਕਾਰੀ ਦਿੱਤੀ, ਜਿਸ ਵਿੱਚ ਮਿਸਲ ਸਤਲੁਜ ਆਪਣੇ ਟੀਚੇ ਪ੍ਰਾਪਤ ਕਰਨ ਲਈ ਕੀਤੇ ਜਾਣ ਵਾਲੇ ਕਦਮਾਂ ਦੀ ਰੂਪਰੇਖਾ ਸ਼ਾਮਲ ਸੀ। ਦੇਵਿੰਦਰ ਸਿੰਘ ਸੰਘੋਵਾਲੀਆ ਨੇ ਸਮਾਗਮ ਵਿੱਚ ਹਾਜ਼ਰ ਲੋਕਾਂ ਦਾ ਧੰਨਵਾਦ ਕੀਤਾ।
ਇਕੱਠ ਨੇ ਮਿਸਲ ਸਤਲੁਜ ਲਈ ਪੰਜਾਬ ਦੇ ਲੋਕਾਂ ਨਾਲ ਜੁੜਨ ਅਤੇ ਰਾਜ ਦੀ ਤਰੱਕੀ ਅਤੇ ਸਮਰੱਥਾ ਲਈ ਆਪਣੀ ਵਚਨਬੱਧਤਾ ਨੂੰ ਦੁਹਰਾਉਣ ਦਾ ਮੰਚ ਪ੍ਰਦਾਨ ਕੀਤਾ। ਸੰਗਠਨ ਦੇ ਕੇਂਦਰ-ਰਾਜ ਸਬੰਧਾਂ ਨੂੰ ਮੁੜ ਪਰਿਭਾਸ਼ਿਤ ਕਰਨ ਅਤੇ ਨੀਤੀ ਨਿਰਮਾਣ ਲਈ ਪੰਜਾਬ-ਕੇਂਦਰੀ ਪਹੁੰਚ ਦੇ ਸੱਦੇ ਨੇ ਦਰਸ਼ਕਾਂ ਵਿੱਚ ਗੂੰਜ ਪਾਈ, ਜਿਸ ਨਾਲ ਇਸ ਦੇ ਦਰਸ਼ਨ ਲਈ ਵਧ ਰਹੇ ਸਮਰਥਨ ਦਾ ਸੰਕੇਤ ਮਿਲਿਆ।

# ਨਾਇਬ ਤਹਿਸੀਲਦਾਰ ਰਾਕੇਸ਼ ਅਗਰਵਾਲ ਨੇ ਅਹੁੱਦਾ ਸੰਭਾਲਿਆ



ਰੋਜ਼ਾਨਾ ਲੋਕ ਬਾਣੀ
www.lokbani

ਖਰੜ (ਕਾਲਾ ਸਿੰਘ ਸੈਣੀ ):-ਪੰਜਾਬ ਸਰਕਾਰ ਦੇ ਮਾਲ ਵਿਭਾਗ ਵਲੋਂ ਮਾਲ ਵਿਭਾਗ ਦੇ ਨਾਇਬ ਤਹਿਸੀਲਦਾਰਾਂ ਦੀਆਂ ਕੀਤੀਆਂ ਬਦਲੀਆਂ ਵਿਚ ਤਹਿਸੀਲ ਦਫਤਰ ਖਰੜ ਵਿਖੇ ਤਾਇਨਾਤ ਕੀਤੇ ਗਏ ਰਾਕੇਸ਼ ਅਗਰਵਾਲ ਨੇ ਅੱਜ ਅਹੁੱਦਾ ਸੰਭਾਲ ਲਿਆ ਹੈ। ਸਰਕਾਰ ਵਲੋਂ ਜਾਰੀ ਕੀਤੇ ਗਏ ਹੁਕਮਾਂ ਅਨੁਸਾਰ ਉਨਾਂ ਨੂੰ ਨਾਇਬ ਤਹਿਸੀਲਦਾਰ ਖਰੜ ਦਾ ਵਾਧੂ ਚਾਰਜ਼ ਦਿੱਤਾ ਗਿਆ ਹੈ ਅਤੇ ਗਮਾਡਾ ਮੁਹਾਲੀ ਦਾ ਪੱਕਾ ਚਾਰਜ਼ ਵੀ ਉਨਾਂ ਪਾਸ ਹੀ ਰਹੇਗਾ। ਇਸ ਤੋਂ ਪਹਿਲਾਂ ਤਹਿਸੀਲ ਦਫਤਰ ਵਿਚ ਪਹੁੰਚਣ ਤੇ ਸਟਾਫ ਮੈਂਬਰਾਂ ਵਲੋਂ ਉਨਾਂ ਦਾ ਸਵਾਗਤ ਕੀਤਾ ਗਿਆ। ਇਸ ਮੌਕੇ ਰੀਡਰ ਪੁਸ਼ਪਿੰਦਰ ਸੂਦ, ਆਰ.ਸੀ.ਦਵਿੰਦਰ ਸਿੰਘ, ਰਜਨੀ ਬਾਲਾ, ਪਟਵਾਰੀ ਮਨਿੰਦਰ ਸਿੰਘ ਸਿੱਧੂ, ਪਟਵਾਰੀ ਹਰਪ੍ਰੀਤ ਕੌਰ, ਸੰਤੋਖ ਸਿੰਘ ਰੀਡਰ ਸਮੇਤ ਹੋਰ ਸਟਾਫ ਮੈਂਬਰ ਹਾਜ਼ਰ ਸਨ।

# ਸਾਡੀ ਮੈਂਬਰਸ਼ਿਪ ਮੁਹਿੰਮ ਸਭ ਨੂੰ ਛੂਹਣ ਵਾਲੀ ਅਤੇ ਸਭ ਨੂੰ ਸ਼ਾਮਲ ਕਰਨ ਵਾਲੀ ਹੋਣੀ ਚਾਹੀਦੀ ਹੈ: ਅਮਿਤ ਸ਼ਾਹ

ਚੰਡੀਗੜ੍ਹ, (ਲੋਕ ਬਾਣੀ) ਦੁਨੀਆ ਦੀ ਸਭ ਤੋਂ ਵੱਡੀ ਲੋਕਤੰਤਰੀ ਪਾਰਟੀ ਨੇ 2 ਸਤੰਬਰ ਤੋਂ ਰਾਸ਼ਟਰੀ ਮੈਂਬਰਸ਼ਿਪ ਮੁਹਿੰਮ ਸ਼ੁਰੂ ਕੀਤੀ ਹੈ। ਜਿਸ ਵਿੱਚ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪਹਿਲੀ ਮੈਂਬਰਸ਼ਿਪ ਲਈ। ਇੱਕ ਪਾਸੇ ਇਸ ਮੈਂਬਰਸ਼ਿਪ ਮੁਹਿੰਮ ਦਾ ਉਦੇਸ਼ ਭਾਰਤੀ ਜਨਤਾ ਪਾਰਟੀ ਨੂੰ 2014 ਵਾਂਗ ਦੁਨੀਆ ਦੀ ਸਭ ਤੋਂ ਵੱਡੀ ਲੋਕਤੰਤਰੀ ਪਾਰਟੀ ਬਣਾਉਣਾ ਹੈ। ਨਾਲ ਹੀ, ਇਸ ਮੁਹਿੰਮ ਦਾ ਉਦੇਸ਼ ਸਭ ਨੂੰ ਛੂਹਣ ਵਾਲਾ ਅਤੇ ਸਭ ਨੂੰ ਸ਼ਾਮਲ ਕਰਨ ਵਾਲਾ ਹੈ।
ਜਿਸ ਵਿੱਚ ਸਰਵਸਪਰਸ਼ੀ ਦਾ ਅਰਥ ਹੈ ਕਿ ਦੇਸ਼ ਦਾ ਕੋਈ ਵੀ ਬੂਥ ਕਿਸੇ ਵੀ ਪਹਾੜ, ਟਾਪੂ ਜਾਂ ਸੰਘਣੇ ਜੰਗਲ ਜਾਂ ਖੱਡ ਵਿੱਚ ਮੌਜੂਦ ਹੋ ਸਕਦਾ ਹੈ। ਉਸ ਨੂੰ ਅਛੂਤਾ ਨਹੀਂ ਰਹਿਣਾ ਚਾਹੀਦਾ। ਜਦਕਿ ਸਮਾਵੇਸ਼ੀ ਦਾ ਮਤਲਬ ਹੈ ਕਿ ਦੇਸ਼ ਦਾ ਕੋਈ ਵੀ ਨਾਗਰਿਕ ਚਾਹੇ ਉਹ ਕਿਸੇ ਵੀ ਜਾਤ, ਧਰਮ ਜਾਂ ਨਸਲ ਦਾ ਹੋਵੇ, ਉਸ ਨੂੰ ਭਾਰਤੀ ਜਨਤਾ ਪਾਰਟੀ ਦੀ ਵਿਚਾਰਧਾਰਾ ਨਾਲ ਜੋੜਨਾ ਚਾਹੀਦਾ ਹੈ। ਕਿਉਂਕਿ ਭਾਜਪਾ ਅਜਿਹੀ ਪਾਰਟੀ ਹੈ। ਜੋ ਆਪਣੇ ਮੈਂਬਰਾਂ ਅਤੇ ਵਰਕਰਾਂ ਨੂੰ ਸਿਰਫ਼ ਗਿਣਤੀ ਹੀ ਨਹੀਂ ਸਮਝਦਾ। ਭਾਜਪਾ ਪਾਰਟੀ ਦਾ ਹਰ ਵਰਕਰ ਇੱਕ ਜਿਉਂਦੀ ਜਾਗਦੀ ਇਕਾਈ ਹੈ। ਹਰ ਵਰਕਰ ਵਿਚਾਰਧਾਰਾ ਦਾ ਵਾਹਕ ਹੈ। ਇੱਥੇ ਮਜ਼ਦੂਰ ਹੀ ਕੰਮ ਸੱਭਿਆਚਾਰ ਦਾ ਪਾਲਣ ਪੋਸ਼ਣ ਕਰਦਾ ਹੈ। ਜੋ ਸਰਕਾਰ ਅਤੇ ਸੰਸਥਾ ਦੇ ਵਿਚਕਾਰ ਇੱਕ ਕੜੀ ਦਾ ਕੰਮ ਵੀ ਕਰਦਾ ਹੈ। ਜੋ ਸਰਕਾਰ ਨੂੰ ਹਮੇਸ਼ਾ ਲੋਕਾਂ ਨਾਲ ਜੋੜੀ ਰੱਖਦਾ ਹੈ।




ਰੋਜ਼ਾਨਾ ਲੋਕ ਬਾਣੀ
www.lokbani

ਇਹ ਧਿਆਨ ਦੇਣ ਯੋਗ ਹੈ ਕਿ ਅੱਜ ਸਾਡੇ ਦੇਸ਼ ਭਾਰਤ ਵਿੱਚ 1,500 ਤੋਂ ਵੱਧ ਰਾਜਨੀਤਿਕ ਪਾਰਟੀਆਂ ਮੌਜੂਦ ਹਨ। ਪਰ ਭਾਰਤੀ ਜਨਤਾ ਪਾਰਟੀ ਨੂੰ ਛੱਡ ਕੇ ਕੋਈ ਵੀ ਅਜਿਹੀ ਪਾਰਟੀ ਨਹੀਂ ਹੈ ਜੋ ਹਰ 6 ਸਾਲਾਂ ਬਾਅਦ ਭਰੋਸੇ ਅਤੇ ਖੁੱਲ੍ਹੇ ਦਿਲ ਨਾਲ ਲੋਕਤੰਤਰੀ ਢੰਗ ਨਾਲ ਮੈਂਬਰਸ਼ਿਪ ਮੁਹਿੰਮ ਚਲਾਉਂਦੀ ਹੈ। ਇਹ ਸਭ ਜਾਣਦੇ ਹਨ ਕਿ ਕਿਸੇ ਸਮੇਂ ਭਾਰਤੀ ਜਨਤਾ ਪਾਰਟੀ ਵਿੱਚ ਸਿਰਫ਼ ਦੋ ਮੈਂਬਰ ਹੁੰਦੇ ਸਨ ਅਤੇ ਅੱਜ ਅਜਿਹੀ ਸਥਿਤੀ ਹੈ। ਜਦੋਂ ਭਾਜਪਾ ਪਾਰਟੀ ਭਾਰਤ ਦੀ ਹੀ ਨਹੀਂ ਸਗੋਂ ਪੂਰੀ ਦੁਨੀਆ ਦੀ ਸਭ ਤੋਂ ਵੱਡੀ ਲੋਕਤੰਤਰੀ ਪਾਰਟੀ ਹੈ ਅਤੇ ਇਹ ਭਾਜਪਾ ਦੀ ਵਿਲੱਖਣਤਾ ਦੀ ਨਿਸ਼ਾਨੀ ਹੈ। ਜਿਸ ਨੇ ਆਪਣੇ ਸੰਘਰਸ਼ ਦੇ ਦਿਨਾਂ ਦੌਰਾਨ ਬਹੁਤ ਸਾਰੀਆਂ ਮੁਸੀਬਤਾਂ, ਚੁਣੌਤੀਆਂ, ਕਈ ਹਾਰਾਂ, ਕਈ ਹਾਰਾਂ ਦਾ ਸਾਹਮਣਾ ਕੀਤਾ। ਇਸ ਦੇ ਬਾਵਜੂਦ ਉਸ ਨੇ ਆਪਣੇ ਸੰਘਰਸ਼ ਨੂੰ ਕਦੇ ਰੁਕਣ ਨਹੀਂ ਦਿੱਤਾ।

ਅੱਜ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ 'ਚ ਪਿਛਲੇ 10 ਸਾਲਾਂ 'ਚ 60 ਕਰੋੜ ਗਰੀਬ ਲੋਕਾਂ ਨੂੰ 5 ਲੱਖ ਰੁਪਏ ਤੱਕ ਦੇ ਮਕਾਨ, ਬਿਜਲੀ, ਪਖਾਨੇ, ਰਾਸ਼ਨ, ਗੈਸ ਅਤੇ ਮੁਫਤ ਸਿਹਤ ਸੇਵਾਵਾਂ ਮਿਲੀਆਂ ਹਨ। ਭਾਜਪਾ ਸਰਕਾਰ ਦੇ ਅਧੀਨ, ਅੱਜ ਦਾ ਭਾਰਤ ਇੱਕ ਵਿਕਸਤ, ਮਜ਼ਬੂਤ ਅਤੇ ਖੁਸ਼ਹਾਲ ਭਾਰਤ ਦੇ ਨਿਰਮਾਣ ਦੀ ਕਲਪਨਾ ਕਰਦਾ ਹੈ। ਕਿਉਂਕਿ ਪ੍ਰਧਾਨ ਮੰਤਰੀ ਮੋਦੀ ਦੀ ਅਗਵਾਈ ਵਿੱਚ ਦੇਸ਼ ਵਿੱਚ ਹਰ ਖੇਤਰ ਵਿੱਚ ਜ਼ਬਰਦਸਤ ਵਿਕਾਸ ਹੋਇਆ ਹੈ, ਚਾਹੇ ਉਹ ਪੇਂਡੂ ਵਿਕਾਸ ਹੋਵੇ ਜਾਂ ਸ਼ਹਿਰੀ, ਊਰਜਾ ਹੋਵੇ ਜਾਂ ਪੁਲਾੜ, ਡਿਜੀਟਲਾਈਜ਼ੇਸ਼ਨ ਜਾਂ ਬੁਨਿਆਦੀ। ਇਸ ਲੀਡਰਸ਼ਿਪ ਨੇ ਦੇਸ਼ ਦੀ ਅੰਦਰੂਨੀ ਅਤੇ ਬਾਹਰੀ ਸੁਰੱਖਿਆ ਨੂੰ ਵੀ ਮਜ਼ਬੂਤ ਕੀਤਾ ਹੈ। ਜਿਸ ਕਾਰਨ ਅੱਜ ਦੇਸ਼ ਨਿੱਤ ਨਵੀਆਂ ਉਚਾਈਆਂ ਨੂੰ ਛੂਹ ਰਿਹਾ ਹੈ।
ਇਸ ਮੈਂਬਰਸ਼ਿਪ ਮੁਹਿੰਮ ਦੇ ਮੁਕੰਮਲ ਹੋਣ ਤੋਂ ਬਾਅਦ ਨਵੀਂ ਜਥੇਬੰਦੀ ਦਾ ਗਠਨ ਕੀਤਾ ਜਾਵੇਗਾ ਅਤੇ ਇੱਕ ਵਾਰ ਫਿਰ ਭਾਰਤ ਵਿਜੇ-ਭਾਜਪਾ ਵਿਜੇ ਦੀ ਮੁਹਿੰਮ ਸ਼ੁਰੂ ਹੋਵੇਗੀ। ਇਸ ਲਈ ਲੋੜ ਹੈ ਕਿ ਅਸੀਂ ਸਾਰੇ ਹਰ ਪਿੰਡ, ਹਰ ਘਰ, ਹਰ ਸ਼ਹਿਰ, ਹਰ ਟਾਪੂ, ਜੰਗਲ, ਪਹਾੜ ਵਿਚ ਜਾ ਕੇ ਭਾਰਤੀ ਜਨਤਾ ਪਾਰਟੀ ਦਾ ਵਿਸਥਾਰ ਕਰੀਏ। ਤਾਂ ਜੋ ਅਸੀਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਮਹਾਨ ਭਾਰਤ ਅਤੇ ਵਿਕਸਤ ਭਾਰਤ ਦੇ ਸੁਪਨੇ ਨੂੰ ਸਾਕਾਰ ਕਰ ਸਕੀਏ।

## ਅਧਿਆਪਕ ਸੂਰਜ ਦਾ ਸਿਰਨਾਵਾਂ

ਅਧਿਆਪਕ ਸੂਰਜ ਦਾ ਸਿਰਨਾਵਾਂ।
ਅਧਿਆਪਕ ਮੰਜ਼ਿਲ ਦੀਆਂ ਰਾਹਵਾਂ।
ਅਧਿਆਪਕ ਮਾਤਾ ਪਿਤਾ ਤੇ ਦੋਸਤ।
ਅਧਿਆਪਕ ਸਿਰ 'ਤੇ ਹੱਥ ਦੀ ਉਲਫਤ।
ਅਧਿਆਪਕ ਪੁਲ ਮਾਂਝੀ ਤੇ ਰਹਿਬਰ।
ਅਧਿਆਪਕ ਉਡਦੇ ਬੋਟਾ ਦੇ ਪਰ।
ਅਧਿਆਪਕ ਸੁੱਖ ਅਸੀਸਾਂ ਦੀ ਦਾਤ।
ਅਧਿਆਪਕ ਨੇਰ੍ਹੇ ਵਿਚ ਪ੍ਰਭਾਤ।
ਅਧਿਆਪਕ ਤੀਜੀ ਅੱਖ ਦੀ ਲੋਰੀ।
ਅਧਿਆਪਕ ਉਡਦੀ ਗੁੱਡੀ ਦੀ ਡੋਰੀ।
ਅਧਿਆਪਕ ਮੰਦਿਰ ਵਰਗੀ ਪੂਜਾ।
ਅਧਿਆਪਕ ਅੰਬਰ ਵਾਂਗੂ ਗੂੜ੍ਹਾ।
ਅਧਿਆਪਕ ਗੁੰਗੇ ਦੀ ਸ਼ਬਦਾਵਲੀ।
ਅਧਿਆਪਕ ਸ਼ਬਦਾਂ ਦੀ ਅਰਥਾਵਲੀ।
ਅਧਿਆਪਕ ਸੰਘਣੇ ਰੁੱਖ ਦੀ ਛਾਂ ਜਿਹਾ।
ਅਧਿਆਪਕ ਸੁਲਝੀ ਹੋਈ ਮਾਂ ਜਿਹਾ।
ਅਧਿਆਪਕ ਪਰਬਤ ਵਾਲੀ ਪੌੜੀ।
ਅਧਿਆਪਕ ਆਸ਼ਾ ਲੰਬੀ ਚੌੜੀ।
ਅਧਿਆਪਕ ਵਿਦਿਆ ਵਾਲਾ ਪਾਰਸ।
ਅਧਿਆਪਕ ਵਿਰਸੇ ਦਾ ਵੀ ਵਾਰਸ।
ਅਧਿਆਪਕ ਪਿਆਸੇ ਲਈ ਜਿਉਂ ਪਾਣੀ।
ਅਧਿਆਪਕ ਜੀਵਨ ਦੀ ਜ਼ਿੰਦਗਾਨੀ।
ਅਧਿਆਪਕ ਲੱਖਾਂ ਹੱਥਾਂ ਦਾ ਹੱਥ।
ਅਧਿਆਪਕ ਅੱਖਰ ਜਨਨੀ ਸਮਰੱਥ।
ਅਧਿਆਪਕ ਸੰਕਲਪ ਸ਼ਕਤੀ ਗੁਰੂ।
ਅਧਿਆਪਕ ਉਨਤੀ ਭਗਤੀ ਆਬਰੂ।
ਅਧਿਆਪਕ 'ਬਾਲਮ' ਗਮ ਵਿਚ ਹਾਸਾ।
ਅਧਿਆਪਕ ਜੰਨਤ ਵਰਗਾ ਵਾਸਾ।



ਬਲਵਿੰਦਰ ਬਾਲਮ
ਗੁਰਦਾਸਪੁਰ।
ਓਂਕਾਰ ਨਗਰ ਗੁਰਦਾਸਪੁਰ
ਪੰਜਾਬ 143521

# ਬੇਬੇ ਨਾਨਕੀ ਰਾਮਗੜ੍ਹੀਆ ਸੀਨੀਅਰ ਸੈਕੰਡਰੀ ਸਕੂਲ ਫਗਵਾੜਾ ਦੇ ਖਿਡਾਰੀਆਂ ਨੇ ਏਸ਼ੀਅਨ ਮਾਰਸ਼ਲ ਆਰਟਸ ਅਤੇ ਸਪੋਰਟਸ ਗੇਮਜ਼ 2024 ਵਿੱਚ ਜਿੱਤਿਆ ਗੋਲਡ ਮੈਡਲ



ਫਗਵਾੜਾ (ਜੀਵਨ ਸੰਘਾ/ਸੁਸ਼ੀਲ ਸ਼ਰਮਾ) ਰਾਮਗੜ੍ਹੀਆ ਐਜੂਕੇਸ਼ਨਲ ਕੌਂਸਲ ਦੇ ਚੇਅਰਮੈਨ ਸ਼੍ਰੀਮਤੀ ਮਨਪ੍ਰੀਤ ਕੌਰ ਭੋਗਲ ਅਤੇ ਡਾਇਰੈਕਟਰ ਵਿਓਮਾ ਭੋਗਲ ਢੱਟ ਜੀ ਦੀ ਅਗਵਾਈ ਹੇਠ ਚਲਦੇ ਸਕੂਲ ਬੇਬੇ ਨਾਨਕੀ ਰਾਮਗੜ੍ਹੀਆ ਸੀਨੀਅਰ ਸੈਕੰਡਰੀ ਸਕੂਲ ਫਗਵਾੜਾ ਦੇ ਵਿਦਿਆਰਥੀਆਂ ਨੇ ਹਾਲ ਹੀ ਦੇ ਵਿੱਚ ਹੋਈਆਂ ਏਸ਼ੀਅਨ ਮਾਰਸ਼ਲ ਆਰਟਸ ਐਂਡ ਸਪੋਰਟਸ ਗੇਮ□ਸ 2024 ਵਿਚ ਕਪੈਟ ਗੇਮ ਕਿਕ ਬਾਕਸਿੰਗ ਅਤੇ ਤਾਈਕਵਾਂਡੋ ਵਿੱਚ ਭਾਗ ਲੈਂਦੇ ਹੋਏ ਵਧੀਆ ਪ੍ਰਦਰਸ਼ਨ ਕਰਦਿਆਂ ਜਿੱਤ ਪ੍ਰਾਪਤ ਕੀਤੀ। ਇਸ ਦੀ ਜਾਣਕਾਰੀ ਦਿੰਦਿਆਂ ਪ੍ਰਿੰਸੀਪਲ ਸ਼੍ਰੀਮਤੀ ਰਜਨੀ ਗੁਪਤਾ ਜੀ ਨੇ ਦਸਿਆ ਕਿ ਏਸ਼ੀਅਨ ਮਾਰਸ਼ਲ ਆਰਟਸ ਅਤੇ ਸਪੋਰਟਸ ਗੇਮ□ਸ 2024 ਜੋ ਕਿ 23-25 ਅਗਸਤ 2024 ਨੂੰ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ, ਫਗਵਾੜਾ ਵਿਖੇ ਆਯੋਜਿਤ ਕੀਤੀਆਂ ਗਈਆਂ ਸਨ ਵਿੱਚ ਭਾਗ ਲੈਂਦੇ ਹੋਏ ਸਕੂਲ ਦੀਆ ਵਿਦਿਆਰਥਣਾਂ ਨੇ ਅਲੱਗ ਅਲੱਗ ਖੇਡਾਂ ਵਿੱਚ ਮੱਲਾਂ ਮਾਰੀਆ। ਪ੍ਰਿੰਸੀਪਲ ਰਜਨੀ ਗੁਪਤਾ ਜੀ ਨੇ ਦਸਿਆ ਕਿ ਵਿਦਿਆਰਥਣ ਬਿੰਦੀਆ ਅਤੇ ਨਿਸ਼ੂ ਕੁਮਾਰੀ ਨੇ ਕਬੱਡੀ ਦੀ ਟੀਮ ਵਿੱਚ ਭਾਗ ਲੈਂਦੇ ਹੋਇਆ ਗੋਲਡ ਮੈਡਲ ਹਾਸਲ, ਬਿੰਦੀਆ ਨੇ ਕਿੱਕ ਬਾਕਸਿੰਗ ਵਿੱਚੋਂ ਸਿਲਵਰ ਮੈਡਲ ਹਾਸਿਲ ਕੀਤਾ, ਵਿਦਿਆਰਥਣ ਆਂਨਸੀ ਨੇ ਕਿੱਕ ਬਾਕਸਿੰਗ ਵਿੱਚੋਂ ਸਿਲਵਰ ਮੈਡਲ ਤਾਈਕਵਾਂਡੋ ਗੋਲਡ ਮੈਡਲ, ਵਿਦਿਆਰਥਣ ਸਾਨਿਆ ਨੇ ਸਿਲਵਰ ਮੈਡਲ , ਵਿਦਿਆਰਥਣ ਭਾਰਤੀ ਨੇ ਕਿੱਕ ਬਾਕਸਿੰਗ ਵਿੱਚੋਂ ਸਿਲਵਰ ਮੈਡਲ ਅਤੇ ਤਾਈਕਵਾਂਡੋ ਵਿੱਚੋਂ ਗੋਲਡ ਮੈਡਲ ਹਾਸਿਲ ਕਰਕੇ ਆਪਣੇ ਸਕੂਲ ਅਤੇ ਸ਼ਹਿਰ ਦਾ ਨਾਮ ਰੋਸ਼ਨ ਕੀਤਾ। ਇਹ ਸ਼ਾਨਦਾਰ ਜਿੱਤ ਸ਼੍ਰੀਮਾਨ ਪ੍ਰਿੰਸ ਕੌਲ (ਕੋਚ) ਦੀ ਚੰਗੀ ਸਿਖਲਾਈ , ਦਿਸ਼ਾ ਨਿਰਦੇਸ਼ਾਂ ਅਤੇ ਸਖਤ ਮਿਹਨਤ ਨਾਲ ਸੰਭਵ ਹੋਈ। ਚੇਅਰਮੈਨ ਸ਼੍ਰੀਮਤੀ ਮਨਪ੍ਰੀਤ ਕੌਰ ਭੋਗਲ ਜੀ ਨੇ ਇਸ ਜਿੱਤ ਤੇ ਆਪਣੀ ਖੁਸ਼ੀ ਜ਼ਾਹਿਰ ਕੀਤੀ ਇਸ ਸਫ਼ਲ ਪ੍ਰਾਪਤੀ 'ਤੇ ਚੇਅਰਮੈਨ ਸ਼੍ਰੀਮਤੀ ਮਨਪ੍ਰੀਤ ਕੌਰ ਭੋਗਲ ਜੀ ਨੇ ਪ੍ਰਿੰਸੀਪਲ ਰਜਨੀ ਗੁਪਤਾ ਜੀ ਨੂੰ ਵਧਾਈ ਦਿੱਤੀ ਅਤੇ ਇਸ ਦੇ ਨਾਲ ਹੀ ਸ੍ਰੀ ਪ੍ਰਿੰਸ ਕੌਲ ਅਤੇ ਜੇਤੂ ਖਿਡਾਰੀਆਂ ਨੂੰ ਇਸ ਸ਼ਾਨਦਾਰ ਜਿੱਤ ਵਧਾਈ ਦਿੰਦਿਆਂ ਖਿਡਾਰੀਆਂ ਦੀ ਟੀਮ ਨੂੰ ਭਵਿੱਖ ਵਿੱਚ ਵੀ ਸਫਲਤਾ ਜਾਰੀ ਰੱਖਣ ਲਈ ਪ੍ਰੇਰਿਤ ਕੀਤਾ ਇਸ ਮੌਕੇ ਤੇ ਸ਼੍ਰੀਮਾਨ ਮੁਕੇਸ਼ ਕੌਂਤ (3.1. ♣53 ) , ਪ੍ਰਿੰਸੀਪਲ ਸ਼੍ਰੀਮਤੀ ਹਰਦੀਪ ਕੌਰ , ਪ੍ਰਿੰਸੀਪਲ ਸ਼੍ਰੀਮਤੀ ਸਵਿਤਾ ਮੈਡਮ , ਪ੍ਰਿੰਸੀਪਲ ਸ਼੍ਰੀਮਤੀ ਮਨਪ੍ਰੀਤ ਕੌਰ , ਡਾਕਟਰ ਹਰਗੁਨ ਸਿੰਘ ਜੀ ਆਦਿ ਹਾਜਿਰ ਸਨ

# ਸੂਫ਼ੀਆਨਾ ਦਰਗਾਹ ਪ੍ਰਬੰਧਕ ਕਮੇਟੀ ਰਜਿ ਪੰਜਾਬ ਵਲੋਂ 6ਵਾ ਦੋ ਦਿਨਾਂ ਖੂਨ ਦਾਨ ਕੈਂਪ ਲਗਾਇਆ



ਫਗਵਾੜਾ (ਜੀਵਨ ਸੰਘਾ/ਸੁਸ਼ੀਲ ਸ਼ਰਮਾ) ਸੂਫ਼ੀਆਨਾ ਦਰਗਾਹ ਪ੍ਰਬੰਧਕ ਕਮੇਟੀ ਰਜਿ ਪੰਜਾਬ ਤੇ ਗੁਰਾਇਆ ਬਲੱਡ ਸੇਵਾ ਦੇ ਸਹਿਯੋਗ ਨਾਲ 6ਵਾ ਦੋ ਦਿਨਾਂ ਖ਼ੂਨ ਦਾਨ ਕੈਂਪ ਮਈਆ ਭਗਵਾਨ ਜੀ ਫਿਲੌਰ ਵਾਲਿਆਂ ਦੀ ਯਾਦ ਨੂੰ ਸਮਰਪਿਤ 51ਵੇ ਸਲਾਨਾ ਜੋੜ ਮੇਲੇ ਦੌਰਾਨ ਲਗਾਇਆ ਗਿਆ। ਹੋਰ ਜਾਣਕਾਰੀ ਦਿੰਦਿਆਂ ਪ੍ਰਧਾਨ ਸਾਈਂ ਪੱਪਲ ਸ਼ਾਹ ਭਰੋ ਮਜਾਰਾ ਤੇ ਮੁੱਖ ਖਜਾਨਚੀ ਬਾਬਾ ਸ਼ੰਭੂ ਰਾਮ ਜੀ ਫਿਲੌਰ ਜੀ ਨੇ ਦੱਸਿਆ ਕਿ 215 ਦੇ ਕਰੀਬ ਨੌਜਵਾਨ ਲੜਕੇ ਲੜਕੀਆਂ ਨੇ ਇਸ ਖ਼ੂਨ ਦਾਨ ਕੈਂਪ ਵਿੱਚ ਆਪਣਾ ਖ਼ੂਨ ਦਾਨ ਕਰਕੇ ਮਾਨਵਤਾ ਦੀ ਸੇਵਾ ਵਿਚ ਆਪਣਾ ਵਡਮੁੱਲਾ ਯੋਗਦਾਨ ਪਾਇਆ ਹੈ। ਮਾਣ ਯੋਗ ਸਾਬਕਾ ਮੁੱਖ ਮੰਤਰੀ ਤੇ ਮੌਜੂਦਾ ਸੰਸਦ ਮੈਂਬਰ ਸਰਦਾਰ ਚਰਨਜੀਤ ਸਿੰਘ ਚੰਨੀ,ਅਮ੍ਰਿ ਭੌਂਸਲੇ, ਯਸ਼ਪਾਲ ਐਮ ਸੀ ਫਿਲੌਰ, ਹੈਪੀ ਮਾਹੀ ਗੁਰਾਇਆ ਚੇਅਰਮੈਨ ਬਾਬਾ ਮਨਜੀਤ ਸਾਬਰੀ ਜੀ ਨੇ ਆਖਿਆ ਕਿ ਸਾਨੂੰ ਸਭ ਨੂੰ ਖ਼ੂਨ ਦਾਨ ਕਰਕੇ ਮਨੁੱਖਤਾ ਦੀ ਭਲਾਈ ਦੇ ਕਾਰਜ ਵਿੱਚ ਹਿੱਸਾ ਪਾਉਣਾ ਚਾਹੀਦਾ ਹੈ। ਖ਼ੂਨਦਾਨੀਆਂ ਨੂੰ ਸਰਟੀਫਿਕੇਟ ਤੇ ਮੈਡਲਾਂ ਨਾਲ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸਾਈਂ ਰਮੇਸ਼ ਅਲੀ ਸਾਬਰੀ, ਸਾਈਂ ਅਵਿਨਾਸ਼ ਸ਼ਾਹ, ਸਾਈਂ ਸੋਮੇ ਸ਼ਾਹ, ਸਾਈਂ ਕੁਲਰਾਜ ਮੁਹੰਮਦ, ਸਾਈਂ ਜਸਵੀਰ ਦਾਸ ਸਾਬਰੀ ,ਸਾਈਂ ਲਖਵੀਰ ਸ਼ਾਹ,ਸਾਈ ਬਿੱਲੇ ਸ਼ਾਹ,ਸਾਈ ਵਰੁਣ ਸੋਬਤੀ, ਸਾਈਂ ਸੋਢੀ ਰਾਮ, ਸਾਈਂ ਮਹਿਤਾਬ ਅਹਿਮਦ, ਸਾਈਂ ਨਰਿੰਦਰ ਚੌਹਾਨ, ਸਾਈਂ ਪੰਮੇ ਸ਼ਾਹ, ਸਾਈਂ ਪਰਮਜੀਤ ਸ਼ਾਹ,ਸਾਈ ਬਿੰਦਰ ਸ਼ਾਹ, ਸਾਈਂ ਲੱਡੂ ਸ਼ਾਹ,ਸਾਈਂ ਕਾਲੇ ਸ਼ਾਹ ਨੰਗਲ, ਬਾਬਾ ਧਲਵਿੰਦਰ ਰਾਜ, ਬਾਬਾ ਮਦਨ ਲਾਲ, ਬੀਬੀ ਰਾਮ ਪਿਆਰੀ, ਬੀਬੀ ਵਿੱਦਿਆ, ਬੀਬੀ ਸਰਬਜੀਤ ਕੌਰ, ਬੀਬੀ ਤਾਰਾ ਰਾਣੀ, ਬੀਬੀ ਰਣਜੀਤ ਕੌਰ, ਬੀਬੀ ਮਨਜੀਤ ਕੌਰ, ਬੀਬੀ ਰਾਧਾ ਰਾਣੀ,ਬਿੱਟੂ ਭਾਜੀ, ਮਹਿੰਦਰ ਸੂਦ ਵਿਰਕ, ਅਜੇ ਸਿੱਧੂ, ਹੈਪੀ ਤਲਵੰਡੀ, ਰਾਮ ਲੁਭਾਇਆ ਆਦਿ ਨੇ ਕੈਂਪ ਨੂੰ ਸਫਲ ਬਣਾਉਣ ਲਈ ਸਹਿਯੋਗ ਕੀਤਾ।

# ਪੰਜ ਸੌ ਗੱਜ ਤੱਕ ਦੇ ਪਲਾਟ ਦੀ ਰਜਿਸਟਰੀ ਲਈ ਖਤਮ ਹੋਵੇਗੀ ਐਨ.ਓ.ਸੀ. ਦੀ ਸ਼ਰਤ - ਹਰਜੀ ਮਾਨ



ਫਗਵਾੜਾ (ਜੀਵਨ ਸੰਘਾ/ਸੁਸ਼ੀਲ ਸ਼ਰਮਾ) ਆਮ ਆਦਮੀ ਪਾਰਟੀ ਪੰਜਾਬ ਦੇ ਸਪੋਕਸ ਪਰਸਨ ਹਰਜੀ ਮਾਨ ਨੇ ਅੱਜ ਇੱਥੇ ਗੱਲਬਾਤ ਦੌਰਾਨ ਦੱਸਿਆ ਕਿ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਨੇ ਜਾਇਦਾਦ ਦੀ ਰਜਿਸਟਰੀ ਲਈ ਜ਼ਰੂਰੀ ਐਨ.ਓ.ਸੀ. ਦੀ ਸ਼ਰਤ ਨੂੰ ਖ਼ਤਮ ਕਰਨ ਸਬੰਧੀ ਸਬੰਧਤ ਵਿਭਾਗ ਦੇ ਅਧਿਕਾਰੀਆਂ ਨਾਲ ਮੀਟਿੰਗ ਵਿਚ ਚਰਚਾ ਕੀਤੀ ਹੈ ਅਤੇ ਪੰਜਾਬ ਨੂੰ ਵੱਡੀ ਰਾਹਤ ਦੇਣ ਲਈ ਵਿਧਾਨ ਸਭਾ ਦੇ ਅਗਲੇ ਸੈਸ਼ਨ ਦੌਰਾਨ ਬਿਲ ਪੇਸ਼ ਕੀਤਾ ਜਾਵੇਗਾ। ਉਹਨਾਂ ਦੱਸਿਆ ਕਿ ਵਿਧਾਨਸਭਾ 'ਚ ਬਿਲ ਪਾਸ ਹੋਣ ਤੋਂ ਬਾਅਦ ਸਰਕਾਰ ਵਲੋਂ ਨੋਟੀਫਿਕੇਸ਼ਨ ਜਾਰੀ ਕੀਤਾ ਜਾਵੇਗਾ ਅਤੇ ਗੈਰ ਮੰਨਜੂਰੀ ਪ੍ਰਾਪਤ ਰਿਹਾਇਸ਼ੀ ਕਲੋਨੀਆਂ ਵਿਚ 500 ਗਜ ਦੇ ਪਲਾਟ ਤੱਕ ਦੀ ਰਜਿਸਟਰੀ ਬਿਨਾ ਐਨ.ਓ.ਸੀ. ਦੇ ਕਰਵਾਈ ਜਾ ਸਕੇਗੀ। ਉਹਨਾਂ ਭਗਵੰਤ ਮਾਨ ਸਰਕਾਰ ਦੇ ਇਸ ਕਦਮ ਨੂੰ ਲੋਕ ਹਿਤ ਵਿਚ ਵੱਡਾ ਤੇ ਸ਼ਲਾਘਾਯੋਗ ਦੱਸਦਿਆਂ ਕਿਹਾ ਕਿ ਐਨ.ਓ.ਸੀ. ਦੀ ਸ਼ਰਤ ਕਾਰਨ ਬਹੁਤ ਖੱਜਲ-ਖੁਆਰੀ ਹੋ ਰਹੀ ਸੀ ਅਤੇ ਪ੍ਰਾਪਟੀ ਦੇ ਕਾਰੋਬਾਰ ਨੂੰ ਵੀ ਨੁਕਸਾਨ ਹੋ ਰਿਹਾ ਸੀ। ਜਿਸ ਨੂੰ ਦੇਖਦੇ ਹੋਏ ਆਮ ਆਦਮੀ ਪਾਰਟੀ ਦੀ ਸੂਬਾ ਸਰਕਾਰ ਨੇ ਆਮ ਲੋਕਾਂ ਅਤੇ ਪ੍ਰਾਪਰਟੀ ਕਾਰੋਬਾਰੀਆਂ ਨੂੰ ਵੱਡੀ ਰਾਹਤ ਦੇਣ ਦਾ ਫੈਸਲਾ ਲਿਆ ਹੈ। ਉਹਨਾਂ ਇਹ ਵੀ ਦੱਸਿਆ ਕਿ ਸੂਬਾ ਸਰਕਾਰ ਭਵਿੱਖ ਵਿਚ ਨਾਜਾਇਜ਼ ਕਾਲੋਨੀਆਂ ਬਣਾਉਣ ਵਾਲਿਆਂ ਪ੍ਰਤੀ ਸਖ਼ਤੀ ਨਾਲ ਪੇਸ਼ ਆਵੇਗੀ ਤਾਂ ਜੋ ਪਲਾਟ ਜਾਂ ਮਕਾਨ ਵੇਚਣ ਜਾਂ ਖਰੀਦਣ ਸਮੇਂ ਆਮ ਲੋਕਾਂ ਨੂੰ ਖੱਜਲ ਖੁਆਰ ਨਾ ਹੋਣਾ ਪਵੇ। ਉਹਨਾਂ ਕਿਹਾ ਕਿ ਭਗਵੰਤ ਮਾਨ ਸਰਕਾਰ ਲੋਕ ਹਿਤਾਂ ਨੂੰ ਪੂਰੀ ਤਰ੍ਹਾਂ ਸਮਰਪਿਤ ਹੈ ਅਤੇ ਹਮੇਸ਼ਾ ਲੋਕ ਹਿਤਾਂ ਦੀ ਰਾਖੀ ਕਰਦੀ ਰਹੇਗੀ

# ਸੀ ਐਚ ਸੀ ਪਾਸ਼ਟ ਵਿਖੇ ਰਾਸ਼ਟਰੀ ਅੱਖਾਂ ਦਾਨ ਪੰਦਰਵਾੜਾ ਬਾਰੇ ਜਾਗਰੂਕ ਕੀਤਾ




ਫਗਵਾੜਾ (ਜੀਵਨ ਸੰਘਾ/ਸੁਸ਼ੀਲ ਸ਼ਰਮਾ) ਸਿਵਲ ਸਰਜਨ ਕਪੂਰਥਲਾ ਡਾ ਰੀਚਾ ਭਾਟਿਆ ਦੇ ਦਿਸ਼ਾ-ਨਿਰਦੇਸ਼ ਹੇਠ ਅਤੇ ਐਸ਼ ਐਮ ਓ ਡਾ ਰੁਪਿੰਦਰ ਜੀਤ ਕੌਰ ਦੀ ਯੋਗ ਅਗਵਾਈ ਵਿਚ ਰਾਸ਼ਟਰੀ ਅੱਖਾਂ ਦਾਨ ਪੰਦਰਵਾੜਾ ਬਾਰੇ ਜਾਗਰੂਕ ਕੀਤਾ ਗਿਆ ਇਸ ਮੌਕੇ ਡਾ ਬਲਜਿੰਦਰ ਸਿੰਘ,ਡਾ ਮੋਈਨ ਅਤੇ ਡਾ ਸੁਮਨਦੀਪ ਸਿੰਘ ਪਰਮਾਰ ਨੇ ਦਸਿਆ ਕਿ ਰਾਸ਼ਟਰੀ ਅੱਖਾਂ ਦਾਨ ਪੰਦਰਵਾੜਾ ਹਰ ਸਾਲ ਭਾਰਤ ਵਿੱਚ 25 ਅਗਸਤ ਤੋਂ 8 ਸਤੰਬਰ ਤੱਕ ਮਨਾਇਆ ਜਾਂਦਾ ਹੈ ਇਹ ਪ੍ਰੋਗਰਾਮ ਨੈਸ਼ਨਲ ਪ੍ਰੋਗਰਾਮ ਫਾਰ ਕੰਟਰੋਲ ਆਫ ਬਲਾਇੰਡਨੈਸ ਦੁਆਰਾ ਆਯੋਜਿਤ ਕੀਤਾ ਗਿਆ ਹੈ ਇਸ ਨੂੰ ਮਨਾਉਣ ਦਾ ਮਕਸਦ ਅੱਖਾਂ ਦਾਨ ਪ੍ਰਤੀ ਜਾਗਰੂਕਤਾ ਵਧਾਉਣਾ ਹੈ ਇਸ ਦੇ ਨਾਲ ਹੀ ਲੋਕਾਂ ਨੂੰ ਮੌਤ ਤੋਂ ਬਾਅਦ ਅੱਖਾਂ ਦਾਨ ਕਰਨ ਲਈ ਵੀ ਪ੍ਰੇਰਿਤ ਕੀਤਾ ਜਾਂਦਾ ਹੈ, ਅੱਖਾਂ ਦਾਨ ਨੂੰ ਮਹਾਨ ਦਾਨ ਕਿਹਾ ਜਾਂਦਾ ਹੈ, ਕਿਉਂਕਿ ਇਸ ਦਾਨ ਨਾਲ ਨੇਤਰਹੀਣਾਂ ਨੂੰ ਦੁਨੀਆ ਦੇਖਣ ਦਾ ਮੌਕਾ ਮਿਲਦਾ ਹੈ। ਪਰ ਸਮਾਜਿਕ ਅਤੇ ਧਾਰਮਿਕ ਰਵਾਇਤਾਂ ਕਾਰਨ ਜਾਂ ਡਰ ਅਤੇ ਭੰਬਲਭੂਸੇ ਕਾਰਨ ਲੋਕ ਅੱਖਾਂ ਦਾਨ ਕਰਨ ਤੋਂ ਡਰਦੇ ਹਨ ਅਜਿਹਾ ਕਰਨ ਦੇ ਚਾਹਵਾਨ ਵੀ ਅੱਖਾਂ ਦੇ ਟਰਾਂਸਪਲਾਂਟੇਸ਼ਨ ਸਬੰਧੀ ਲੋੜੀਂਦੀ ਜਾਣਕਾਰੀ ਦੀ ਘਾਟ ਕਾਰਨ ਅੱਖਾਂ ਦਾਨ ਕਰਨ ਤੋਂ ਅਸਮਰੱਥ ਹਨ ਭਾਰਤ ਵਿੱਚ ਅੱਖਾਂ ਦਾਨ ਬਾਰੇ ਲੋਕਾਂ ਵਿੱਚ ਜਾਗਰੂਕਤਾ ਵਧਾਉਣ, ਇਸ ਨਾਲ ਸਬੰਧਤ ਗਲਤ ਧਾਰਨਾਵਾਂ ਤੋਂ ਲੋਕਾਂ ਨੂੰ ਜਾਣੂ ਕਰਵਾਉਣ ਅਤੇ ਮੌਤ ਤੋਂ ਬਾਅਦ ਅੱਖਾਂ ਦਾਨ ਕਰਨ ਲਈ ਪ੍ਰੇਰਿਤ ਕਰਨ ਦੇ ਉਦੇਸ਼ ਨਾਲ ਹਰ ਸਾਲ 25 ਅਗਸਤ ਤੋਂ 8 ਸਤੰਬਰ ਤੱਕ ਰਾਸ਼ਟਰੀ ਅੱਖਾਂ ਦਾਨ ਪੰਦਰਵਾੜਾ ਮਨਾਇਆ ਜਾਂਦਾ ਹੈ।ਇਸ ਮੌਕੇ ਅਥਾਲਮਿਕ ਅਫਸਰ ਰਣਜੀਤ ਸਿੰਘ ਨੇ ਦੱਸਿਆ ਕਿ ਅੱਖਾਂ ਮਨੁੱਖੀ ਸਰੀਰ ਦਾ ਬਹੁਤ ਕੀਮਤੀ ਅੰਗ ਹਨ ਮਰਨ ਤੋਂ ਬਾਅਦ ਅੱਖਾਂ ਨੂੰ ਜਲਾ ਕੇ ਜਾਂ ਦਫ਼ਨਾ ਕੇ ਬਰਬਾਦ ਨਹੀਂ ਕਰਨਾ ਚਾਹੀਦਾ ਮ੍ਰਿਤਕ ਵਿਅਕਤੀ ਦੀਆਂ ਅੱਖਾਂ ਦਾਨ ਕਰਨ ਨਾਲ ਦੋ ਨੇਤਰਹੀਣਾਂ ਨੂੰ ਨਜ਼ਰ ਮਿਲ ਸਕਦੀ ਹੈ। ਅੱਖਾਂ ਦਾ ਦਾਨ ਕੋਰਨੀਅਲ ਅੰਨ੍ਹੇਪਣ ਤੋਂ ਪੀੜਤ ਲੋਕਾਂ ਨੂੰ ਆਪਣੀ ਨਜ਼ਰ ਮੁੜ ਪ੍ਰਾਪਤ ਕਰਨ ਵਿੱਚ ਮਦਦ ਕਰ ਸਕਦਾ ਹੈ ਕੋਰਨੀਆ, ਜੋ ਕਿ ਅੱਖ ਦੇ ਮੂਹਰੇ ਸਾਫ ਅਤੇ ਪਾਰਦਰਸ਼ੀ ਪਰਤ ਹੈ। ਇਹ ਇੱਕ ਪਾਰਦਰਸ਼ੀ, ਗੁੰਬਦ ਦੇ ਆਕਾਰ ਦਾ ਹਿੱਸਾ ਹੈ ਜੋ ਅੱਖ ਦੇ ਬਾਹਰਲੇ ਹਿੱਸੇ ਨੂੰ ਢੱਕਦਾ ਹੈ। ਕੋਰਨੀਆ ਰੋਸ਼ਨੀ ਨੂੰ ਪ੍ਰਵੇਸ਼ ਕਰਨ ਦੀ ਇਜਾਜ਼ਤ ਦਿੰਦਾ ਹੈ, ਦ੍ਰਿਸ਼ਟੀ ਨੂੰ ਸਮਰੱਥ ਬਣਾਉਂਦਾ ਹੈ।ਅੱਖਾਂ ਮਨੁੱਖੀ ਸਰੀਰ ਦਾ ਬਹੁਤ ਕੀਮਤੀ ਅੰਗ ਹਨ। ਮਰਨ ਤੋਂ ਬਾਅਦ ਅੱਖਾਂ ਨੂੰ ਜਲਾ ਕੇ ਜਾਂ ਦਫ਼ਨਾ ਕੇ ਬਰਬਾਦ ਨਹੀਂ ਕਰਨਾ ਚਾਹੀਦਾ ਮ੍ਰਿਤਕ ਵਿਅਕਤੀ ਦੀਆਂ ਅੱਖਾਂ ਦਾਨ ਕਰਨ ਨਾਲ ਦੋ ਨੇਤਰਹੀਣਾਂ ਨੂੰ ਨਜ਼ਰ ਮਿਲ ਸਕਦੀ ਹੈ। ਅੱਖਾਂ ਦਾ ਦਾਨ ਕੋਰਨੀਅਲ ਅੰਨ੍ਹੇਪਣ ਤੋਂ ਪੀੜਤ ਲੋਕਾਂ ਨੂੰ ਆਪਣੀ ਨਜ਼ਰ ਮੁੜ ਪ੍ਰਾਪਤ ਕਰਨ ਵਿੱਚ ਮਦਦ ਕਰ ਸਕਦਾ ਹੈ ਇਸ ਮੌਕੇ ਬੀ ਈ ਈ ਸਤਨਾਮ ਸਿੰਘ ਨੇ ਦੱਸਿਆ ਕਿ ਭਾਰਤ ਸਰਕਾਰ ਨੇ ਅੱਖਾਂ ਦਾਨ ਬਾਰੇ ਜਾਗਰੂਕਤਾ ਵਧਾਉਣ ਲਈ ਕਈ ਕਦਮ ਚੁੱਕੇ ਹਨ, ਜਿਸ ਵਿੱਚ...ਰਾਸ਼ਟਰੀ ਅੱਖਾਂ ਦਾਨ ਪੰਦਰਵਾੜੇ ਦੀ ਸਥਾਪਨਾ 1985 ਵਿੱਚ ਭਾਰਤ ਸਰਕਾਰ ਦੇ ਸਿਹਤ ਅਤੇ ਪਰਿਵਾਰ ਭਲਾਈ ਮੰਤਰਾਲੇ ($✿86➾) ਦੁਆਰਾ ਕੀਤੀ ਗਈ ਸੀ। ਉਦੋਂ ਤੋਂ, ਹਰ ਸਾਲ, ਭਾਰਤ ਸਰਕਾਰ ਨੇ ਅੱਖਾਂ ਦਾਨ ਕਰਨ ਦੀ ਸਹੁੰ ਲੈਣ ਦੀ ਮਹੱਤਤਾ ਨੂੰ ਉਤਸ਼ਾਹਿਤ ਕਰਨ ਲਈ ਜਾਗਰੂਕਤਾ ਮੁਹਿੰਮਾਂ ਚਲਾਈਆਂ ਹਨ। ਭਾਰਤ 1976 ਵਿੱਚ 100 ਪ੍ਰਤੀਸ਼ਤ ਕੇਂਦਰੀ ਪ੍ਰਯੋਜਿਤ ਪ੍ਰੋਗਰਾਮ ਦੇ ਰੂਪ ਵਿੱਚ ਨੈਸ਼ਨਲ ਪ੍ਰੋਗਰਾਮ ਫਾਰ ਕੰਟਰੋਲ ਆਫ਼ ਬਲਾਇੰਡਨੈੱਸ (©♦32) ਦੀ ਸ਼ੁਰੂਆਤ ਕਰਨ ਵਾਲਾ ਪਹਿਲਾ ਦੇਸ਼ ਸੀ

# ਬੀਬੀ ਮਾਣੂੰਕੇ ਨੇ ਵਿਧਾਨ ਸਭਾ ਚ ਡੱਲਾ ਤੇ ਬਾਰਦੇਕੇ ਨਹਿਰ ਤੇ ਪੈਂਦੇ ਨਵੇਂ ਪੁੱਲਾਂ ਦਾ ਚੁੱਕਿਆ ਚੁੱਕਿਆ

(ਲੋਕ ਬਾਣੀ) ਮੰਤਰੀ ਨੇ ਦੱਸਿਆ ਕਿ ਡੱਲਾ ਨਹਿਰ ਦੇ ਨਵੇਂ ਪੁੱਲ ਦੀ ਪ੍ਰਪੋਜ਼ਲ ਕੇਂਦਰ ਸਰਕਾਰ ਨੂੰ ਭੇਜ ਰਹੇ ਹਾਂ



ਪੰਜਾਬ ਵਿਧਾਨ ਸਭਾ ਦੇ ਚੱਲ ਰਹੇ ਸ਼ੈਸ਼ਨ ਦੇ ਦੂਜੇ ਦਿਨ ਹਲਕਾ ਜਗਰਾਉਂ ਦੇ ਵਿਧਾਇਕਾ ਬੀਬੀ ਸਰਵਜੀਤ ਕੌਰ ਮਾਣੂੰਕੇ ਨੇ ਅਬੋਹਰ ਬਰਾਂਚ ਉਪਰ ਪੈਂਦੇ ਪਿੰਡ ਡੱਲਾ ਅਤੇ ਪਿੰਡ ਬਾਰਦੇਕੇ ਨਹਿਰ ਉਪਰ ਮਿਆਦ ਪੁਗਾ ਚੁੱਕੇ ਪੁਰਾਣੇ ਪੁੱਲਾਂ ਦੀ ਜਗ੍ਹਾ ਨਵੇਂ ਪੁੱਲ ਬਨਾਉਣ ਦਾ ਮੁੱਦਾ ਚੁੱਕਿਆ। ਬੀਬੀ ਮਾਣੂੰਕੇ ਨੇ ਆਖਿਆ ਕਿ ਵਿਧਾਨ ਸਭਾ ਹਲਕਾ ਜਗਰਾਉਂ ਅਧੀਨ ਪੈਂਦੇ ਪਿੰਡ ਡੱਲਾ ਅਤੇ ਬਾਰਦੇਕੇ ਨਹਿਰ ਉਪਰ ਬਣੇ ਪੁੱਲ ਭੀੜੇ ਹਨ ਅਤੇ ਅਬਾਦੀ ਦੇ ਹਿਸਾਬ ਨਾਲ ਇਹਨਾਂ ਪੁਲਾਂ ਕਾਰਨ ਲੋਕਾਂ ਦਾ ਆਮ ਜਨ-ਜੀਵਨ ਪ੍ਰਭਾਵਿਤ ਹੋ ਰਿਹਾ ਹੈ। ਉਹਨਾਂ ਆਖਿਆ ਕਿ ਬਾਰਦੇਕੇ ਨਹਿਰ ਉਪਰ ਬਣਿਆ ਪੁਲ ਬਹੁਤ ਹੀ ਮਾੜੀ ਹਾਲਤ ਵਿੱਚ ਹੈ ਅਤੇ ਕਿਸੇ ਸਮੇਂ ਵੀ ਕੋਈ ਅਣ-ਸੁਖਾਵੀਂ ਘਟਨਾਂ ਵਾਪਰ ਸਕਦੀ ਹੈ। ਇਸ ਲਈ ਲੋਕਾਂ ਦੀ ਜਾਨ-ਮਾਲ ਦੀ ਰਾਖੀ ਲਈ ਪਹਿਲ ਪੱਧਰ ਤੇ ਇਸ ਪੁੱਲ ਦਾ ਨਿਰਮਾਣ ਕਰਵਾਇਆ ਜਾਵੇ। ਬੀਬੀ ਮਾਣੂੰਕੇ ਦੇ ਇਹਨਾਂ ਸੁਆਲਾਂ ਦੇ ਵਿਧਾਨ ਸਭਾ ਦੇ ਸਦਨ ਵਿੱਚ ਜੁਵਾਬ ਦਿੰਦੇ ਹੋਏ ਖੇਤੀਬਾੜੀ ਮੰਤਰੀ ਪੰਜਾਬ ਗੁਰਮੀਤ ਸਿੰਘ ਖੁੱਡੀਆਂ ਨੇ ਆਖਿਆ ਕਿ ਪੰਜਾਬ ਸਰਕਾਰ ਪੰਜਾਬ ਦੇ ਲੋਕਾਂ ਲਈ ਵਧੀਆ ਸੜਕਾਂ ਦੇ ਨਿਰਮਾਣ ਲਈ ਬਚਨਵੱਧ ਹੈ ਅਤੇ ਇਸ ਵੇਲੇ ਪੰਜਾਬ ਵਿੱਚ 64878 ਕਿਲੋ ਮੀਟਰ ਦੀ ਲੰਬਾਈ ਦੀਆਂ ਲਿੰਕ ਸੜਕਾਂ ਹਨ। ਪਿੰਡ ਗਗੜਾ ਤੋਂ ਬਾਰਦੇਕੇ ਸੜਕ ਵਿੱਚਕਾਰ ਅਬੋਹਰ ਬ੍ਰਾਂਚ ਉਪਰ ਬਣੇ ਪੁੱਲ ਦੀ ਚੌੜਾਈ ਘੱਟ ਹੈ ਅਤੇ ਇਸ ਦੀ ਹਾਲਤ ਖਰਾਬ ਹੈ। ਇਸ ਪੁੱਲ ਨੂੰ 58 ਮੀਟਰ ਲੰਬਾ ਨਵਾਂ ਬਨਾਉਣ ਲਈ ਲਗਭਗ 6.50 ਕਰੋੜ ਰੁਪਏ ਦਾ ਖਰਚਾ ਆਵੇਗਾ। ਉਹਨਾਂ ਦੱਸਿਆ ਕਿ ਭਾਰਤ ਸਰਕਾਰ ਵੱਲੋਂ ਰੂਰਲ ਡਿਵੈਲਪਮੈਂਟ ਫੰਡ (ਆਰ.ਡੀ.ਐਫ.) ਦਾ ਪੈਸਾ ਨਾ ਦਿੱਤੇ ਜਾਣ ਕਾਰਨ ਫੰਡਾਂ ਦੀ ਘਾਟ ਹੋਣ ਕਾਰਨ ਸੜਕਾਂ ਤੇ ਪੁੱਲਾਂ ਦੀ ਮੁਰੰਮਤ ਦੇ ਡਿਊ ਕੰਮ ਨਹੀਂ ਕਰਵਾਏ ਜਾ ਸਕੇ। ਜਦੋਂ ਫੰਡਾਂ ਦਾ ਪ੍ਰਬੰਧ ਹੋ ਜਾਵੇਗਾ, ਤਾਂ ਗਗੜਾ ਤੋਂ ਬਾਰਦੇਕੇ ਵਿਚਕਾਰ ਪੈਂਦੇ ਨਹਿਰ ਦੇ ਪੁੱਲ ਉਪਰ ਵਿਚਾਰ ਕੀਤਾ ਜਾ ਸਕਦਾ ਹੈ। ਇਸ ਬੀਬੀ ਮਾਣੂੰਕੇ ਨੇ ਤੁਰੰਤ ਮੋੜਵਾਂ ਸੁਆਲ ਕਰਦੇ ਹੋਏ ਆਖਿਆ ਕਿ ਬਾਰਦੇਕੇ ਛੋਟਾ ਜਿਹਾ ਹੈ ਪਿੰਡ ਹੈ, ਬਰਸਾਤਾਂ ਦੇ ਦਿਨਾਂ ਵਿੱਚ ਦੋ-ਤਿੰਨ ਫੁੱਟ ਪਾਣੀ ਪੁੱਲ ਦੇ ਉਪਰ ਦੀ ਜਾਂਦਾ ਹੈ ਅਤੇ ਇਹਨਾਂ ਦਿਨਾਂ ਵਿੱਚ ਲੋਕਾਂ ਦਾ ਆਉਣਾ-ਜਾਣਾ ਬਹੁਤ ਮੁਸ਼ਕਲ ਹੁੰਦਾ ਹੈ। ਕਿਸੇ ਹੋਰ ਪਾਸੇ ਤੋਂ ਖਰਚਾ ਕੱਢਕੇ ਅਤੇ ਫੰਡਾਂ ਦਾ ਇੰਤਜ਼ਾਮ ਕਰਕੇ ਬਾਰਦੇਕੇ ਨਹਿਰ ਦੇ ਪੁੱਲ ਨੂੰ ਜ਼ਰੂਰ ਬਣਾਇਆ ਜਾਵੇ। ਮੰਤਰੀ ਖੁੱਡੀਆਂ ਨੇ ਪਿੰਡ ਡੱਲਾ ਨਹਿਰ ਉਪਰ ਨਵਾਂ ਪੁੱਲ ਬਨਾਉਣ ਦੇ ਸਬੰਧ ਦੱਸਿਆ ਕਿ ਪਿੰਡ ਕਾਉਂਕੇ ਕਲਾਂ ਤੋਂ ਪਿੰਡ ਡੱਲਾ ਸੜਕ ਨੂੰ ਪ੍ਰਧਾਨ ਮੰਤਰੀ ਗ੍ਰਾਮ ਸੜਕ ਯੋਜਨਾ ਤਹਿਤ 21 ਕਰੋੜ ਰੁਪਏ ਦੀ ਲਾਗਤ ਨਾਲ ਅੱਪਗ੍ਰੇਡ ਕੀਤਾ ਜਾ ਰਿਹਾ ਹੈ। ਅਬੋਹਰ ਬ੍ਰਾਂਚ ਨਹਿਰ ਉਪਰ ਪੈਂਦੇ ਪਿੰਡ ਡੱਲਾ ਦੇ ਪੁੱਲ ਨੂੰ 90 ਮੀਟਰ ਲੰਬਾਈ ਦੇ ਪੁੱਲ ਦੀ ਲਗਭਗ 10 ਕਰੋੜ ਰੁਪਏ ਦੀ ਲਾਗਤ ਨਾਲ ਪ੍ਰਧਾਨ ਮੰਤਰੀ ਗ੍ਰਾਮ ਸੜਕ ਯੋਜਨਾ ਤਹਿਤ ਪੁੱਲ ਦੀ ਉਸਾਰੀ ਕਰਨ ਲਈ ਤਖਮੀਨਾਂ ਭਾਰਤ ਸਰਕਾਰ ਨੂੰ ਪ੍ਰਵਾਨਗੀ ਹਿੱਤ ਭੇਜਿਆ ਜਾ ਰਿਹਾ ਹੈ ਅਤੇ ਭਾਰਤ ਸਰਕਾਰ ਪਾਸੋਂ ਪ੍ਰਵਾਨਗੀ ਮਿਲਣ ਉਪਰੰਤ ਡੱਲਾ ਨਹਿਰ ਉਪਰ ਨਵੇਂ ਪੁੱਲ ਦੀ ਉਸਾਰੀ ਕਰਵਾ ਦਿੱਤੀ ਜਾਵੇਗੀ। ਮੰਤਰੀ ਖੁੱਡੀਆਂ ਨੇ ਹੋਰ ਦੱਸਿਆ ਕਿ ਪਿੰਡ ਮਲਕ ਤੋਂ ਬੋਦਲਵਾਲਾ ਵਿਚਕਾਰ ਪੈਂਦੇ ਜੱਸੋਵਾਲ ਡਰੇਨ ਉਪਰ 1.80 ਕਰੋੜ ਰੁਪਏ ਦੀ ਲਾਗਤ ਨਾਲ 40 ਮੀਟਰ ਪੁੱਲ ਦੀ ਉਸਾਰੀ ਪੰਜਾਬ ਮੰਡੀ ਬੋਰਡ ਦੇ ਫੰਡਾਂ ਵਿੱਚੋਂ ਉਸਾਰੀ ਕੀਤੀ ਜਾ ਚੁੱਕੀ ਹੈ। ਜ਼ਿਕਰਯੋਗ ਹੈ ਕਿ ਬੀਬੀ ਸਰਵਜੀਤ ਕੌਰ ਮਾਣੂੰਕੇ ਵੱਲੋਂ ਪਹਿਲਾਂ ਅਣਥੱਕ ਯਤਨ ਕਰਕੇ ਰਾਏਕੋਟ-ਜਗਰਾਉਂ ਰੋਡ ਉਪਰ ਪੈਂਦੇ ਅਖਾੜਾ ਨਹਿਰ ਉਪਰ ਲੱਗਭਗ ਪੌਣੇ ਅੱਠ ਕਰੋੜ ਰੁਪਏ ਦੀ ਲਾਗਤ ਨਾਲ ਨਵੇਂ ਪੁੱਲ ਦੀ ਉਸਾਰੀ ਕਰਵਾਈ ਜਾ ਰਹੀ ਹੈ, ਜੋ ਕਿ ਨਵੰਬਰ ਮਹੀਨੇ ਦੇ ਅਖੀਰ ਤੱਕ ਲੋਕਾਂ ਲਈ ਚਾਲੂ ਕੀਤੇ ਜਾਣ ਦੀ ਸੰਭਾਵਨਾਂ ਹੈ ਅਤੇ ਹੁਣ ਫਿਰ ਬੀਬੀ ਮਾਣੂੰਕੇ ਵੱਲੋਂ ਪੰਜਾਬ ਵਿਧਾਨ ਸਭਾ ਵਿੱਚ ਜਗਰਾਉਂ ਹਲਕੇ ਅਧੀਨ ਖਸਤਾ ਹਾਲਤ ਪੁੱਲਾਂ ਦਾ ਮੁੱਦਾ ਜ਼ੋਰ-ਸ਼ੋਰ ਨਾਲ ਚੁੱਕਿਆ ਗਿਆ ਹੈ ਅਤੇ ਹਲਕੇ ਦੇ ਲੋਕਾਂ ਨੂੰ ਹੁਣ ਨਵੇਂ ਪੁੱਲ ਬਣਨ ਦੀ ਉਮੀਦ ਜਾਗ ਗਈ ਹੈ।

# ਪ੍ਰੋਫੈਸਰ ਰਵਿੰਦਰ ਸਿੰਘ ਬੀਰ ਦੀ ਅਗਵਾਈ ਹੇਠ ਬ੍ਰਹਮਕੁਮਾਰੀ ਆਸ਼ਰਮ ਵਿੱਖੇ ਲਗਾਇਆ ਗਿਆ ਫ੍ਰੀ ਮੈਡੀਕਲ ਕੈਂਪ

ਨਾਭਾ(ਲੋਕ ਬਾਣੀ) ਨਾਭਾ ਸ਼ਹਿਰ ਵਿੱਖੇ ਉੱਗੇ ਸਮਾਜ ਸੇਵਕ ਦੇ ਰੂਪ ਵਿੱਚ ਡਿਵਾਈਨ ਏਜਲ ਚੈਰੀਟੇਬਲ ਟਰੱਸਟ ਦੇ ਮੁੱਖ ਸੇਵਾਦਾਰ ਪ੍ਰੋਫੈਸਰ ਰਵਿੰਦਰ ਸਿੰਘ ਬੀਰ ਵੱਲੋਂ ਧਾਰਮਿਕ ਸਮਾਗਮ ਅਤੇ ਜ਼ਰੂਰਤ ਮੰਦ ਲੋਕਾਂ ਦੀ ਮੱਦਦ ਲਈ ਕਈ ਵੱਡੇ ਉਪਰਾਲੇ ਕੀਤੇ ਜਾ ਰਹੇ ਹਨ ਉੱਥੇ ਹੀ ਉਨ੍ਹਾਂ ਵੱਲੋਂ ਬ੍ਰਹਮਕੁਮਾਰੀ ਆਸ਼ਰਮ ਵਿੱਖੇ ਗੁਲਸ਼ਨ ਦੀਦੀ ਦੀ ਯਾਦ ਵਿੱਚ ਫ੍ਰੀ ਮੈਡੀਕਲ ਕੈਂਪ ਲਗਵਾਈਆਂ ਗਿਆ ਜਿਸ ਵਿੱਚ ਡਾ ਸੁਨੀਤਾ ਗਰਗ ਅਤੇ ਉਨ੍ਹਾਂ ਦੀ ਸਮੁੱਚੀ ਟੀਮ ਪਹੁੰਚੀ ਅਤੇ ਸੈਂਕੜੇ ਲੋਕਾਂ ਵੱਲੋਂ ਇਸ ਕੈਂਪ ਦਾ ਲਾਹਾ ਲਿੱਤਾ ਗਿਆ ਜਿਸ ਵਿੱਚ ਫ੍ਰੀ ਟੈਸਟ ਅਤੇ ਦਵਾਈਆਂ ਵੀ ਦਿਤੀਆਂ ਗਈਆਂ ਅਤੇ ਇਸ ਮੌਕੇ ਰਵਿੰਦਰ ਸਿੰਘ ਬੀਰ ਜੀ ਦੀ ਮਾਤਾ ਜੀ ਮਨਜੀਤ ਕੌਰ ਵੀ ਉੱਥੇ ਮੌਜੂਦ ਸਨ ਅਤੇ ਉਨ੍ਹਾਂ ਵੱਲੋਂ ਵੀ ਆਪਣੇ ਬੇਟੇ ਵੱਲੋਂ ਕੀਤੇ ਜਾ ਰਹੇ ਕੰਮ ਦੀ ਸ਼ਲਾਘਾ ਕੀਤੀ ਅਤੇ ਦੱਸਿਆ ਗਿਆ ਕਿ ਆਉਣ ਵਾਲੇ ਸਮੇਂ ਵਿੱਚ ਵੀ ਉਹ ਜ਼ਰੂਰਤ ਮੰਦ ਲੋਕਾਂ ਦੀ ਮੱਦਦ ਅਤੇ ਲੋਕ ਭਲਾਈ ਦੇ ਕੰਮ ਕਰਦੇ ਰਹਿਣਗੇ ਤੇ ਇਸ ਮੌਕੇ ਬ੍ਰਹਮਕੁਮਾਰੀ ਆਸ਼ਰਮ ਦੇ ਸਾਰੇ ਸੇਵਾਦਾਰਾਂ ਵੱਲੋਂ ਉਨ੍ਹਾਂ ਦਾ ਧੰਨਵਾਦ ਕੀਤਾ ਗਿਆ



# ਦਿਵਿਆਂਗ ਵਿਅਕਤੀਆਂ ਦੇ ਯੂ.ਡੀ. ਆਈ.ਡੀ ਕਾਰਡ ਬਣਾਉਣ ਲਈ ਵਿਸ਼ੇਸ਼ ਮੁਹਿੰਮ ਤਹਿਤ ਕੈਂਪ ਲਾਏ ਜਾਣਗੇ

ਮੋਹਾਲੀ, (ਲੋਕ ਬਾਣੀ)-ਡਿਪਟੀ ਕਮਿਸਨਰ ਆਸ਼ਿਕਾ ਜੈਨ ਦੀ ਰਹਿਨੁਮਈ ਹੇਠ ਅੰਮ੍ਰਿਤ ਬਾਲਾ ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫਸਰ, ਐਸ.ਏ.ਐਸ ਨਗਰ ਵੱਲੋਂ ਜਾਣਕਾਰੀ ਦਿੱਤੀ ਕਿ ਜ਼ਿਲ੍ਹਾ ਸਮਾਜਿਕ ਸੁਰੱਖਿਆ ਦਫ਼ਤਰ ਵੱਲੋਂ ਦਿਵਿਆਂਗ ਵਿਅਕਤੀਆਂ ਦੇ ਯੂ.ਡੀ.ਆਈ.ਡੀ ਕਾਰਡ (ਦਿਵਿਆਂਗਤਾ ਦਾ ਸਰਟੀਫਿਕੇਟ) ਬਣਾਉਣ ਲਈ ਕੈਂਪ ਲਗਾਏ ਜਾ ਰਹੇ ਹਨ। ਇਸ ਸਬੰਧੀ ਇਸ ਜ਼ਿਲ੍ਹੇ ਦੇ ਹਰੇਕ ਬਲਾਕ ਦੇ ਹਸਪਤਾਲਾਂ ਵਿੱਚ ਮਿਤੀ 04.09.2024 ਤੋਂ 09.10.2024 ਤੱਕ ਦੇ ਸਮੇਂ ਦੌਰਾਨ ਹਰੇਕ ਬੁੱਧਵਾਰ ਨੂੰ ਸਮਾਂ ਸਵੇਰੇ 10 ਵਜੇ ਤੋਂ 2 ਵਜੇ ਤੱਕ ਵਿਸ਼ੇਸ਼ ਮੁਹਿੰਮ ਤਹਿਤ ਯੂ.ਡੀ.ਆਈ.ਡੀ ਲਗਾਏ ਜਾਣੇ ਹਨ। ਜਿਹਨਾਂ ਦਿਵਿਆਂਗਜਨਾਂ ਨੇ ਹਾਲੇ ਤੱਕ ਯੂ.ਡੀ.ਆਈ.ਡੀ ਕਾਰਡ (ਦਿਵਿਆਂਗਤਾ ਦਾ ਸਰਟੀਫਿਕੇਟ) ਨਹੀ ਬਣਾਇਆ। ਉਹ ਇਹਨਾਂ ਕੈਂਪਾਂ ਵਿੱਚ ਹਿੱਸਾ ਲੈ ਸਕਦੇ ਹਨ ਅਤੇ ਆਪਣਾ ਯੂ.ਡੀ.ਆਈ.ਡੀ ਕਾਰਡ (ਦਿਵਿਆਂਗਤਾ ਦਾ ਸਰਟੀਫਿਕੇਟ) ਬਣਾ ਸਕਦੇ ਹਨ। ਇਹ ਕੈਂਪ ਸਬ-ਡਵੀਜ਼ਨ ਹਸਪਤਾਲ ਖਰੜ 04.09.2024, ਸਬ-ਡਵੀਜ਼ਨ ਹਸਪਤਾਲ ਡੇਰਾਬੱਸੀ 11.9.2024, ਕਮਿਊਨਿਟੀ ਸਿਵਲ ਹਸਪਤਾਲ ਬਨੂੰੜ 18.9.2024, ਕਮਿਊਨਿਟੀ ਸਿਵਲ ਹਸਪਤਾਲ ਢਕੋਲੀ (ਜ਼ੀਰਕਪੁਰ) 25.09.2024, ਕਮਿਊਨਿਟੀ ਸਿਵਲ ਹਸਪਤਾਲ ਲਾਲੜੂ 01.10.2024 ਅਤੇ ਕਮਿਊਨਿਟੀ ਸਿਵਲ ਹਸਪਤਾਲ ਕੁਰਾਲੀ 09.10.2024 ਨੂੰ ਲਗਾਏ ਜਾ ਰਹੇ ਹਨ।

# ਸਿਹਤ ਵਿਭਾਗ ਵਲੋਂ ਆਮ ਆਦਮੀ ਕਲੀਨਿਕਾਂ ਦੀ ਅਚਨਚੇਤ ਚੈਕਿੰਗ




ਅੰਮ੍ਰਿਤਸਰ (ਲੋਕ ਬਾਣੀ)ਪੰਜਾਬ ਸਰਕਾਰ ਦੇ ਹੁਕਮਾਂ ਅਨੁਸਾਰ ਸਿਵਲ ਸਰਜਨ ਡਾ ਕਿਰਨਦੀਪ ਕੌਰ ਵਲੋਂ ਅੱਜ ਵੱਖ-ਵੱਖ ਆਮ ਆਦਮੀਂ ਕਲੀਨਿਕਾਂ ਦੀ ਅਚਨਚੇਤ ਚੈਕਿੰਗ ਕੀਤੀ ਗਈ। ਇਸ ਚੈਕਿੰਗ ਦੌਰਾਂਨ ਆਮ ਆਦਮੀਂ ਕਲੀਨਿਕ ਪਿੰਕ ਪਲਾਜਾ, ਗੇਟ ਖਜਾਨਾਂ, ਗੇਟ ਹਕੀਮਾਂ ਅਤੇ ਭਗਤਾਂਵਾਲਾ ਵਿਖੇ ਅਚਨਚੇਤ ਚੈਕਿੰਗ ਕੀਤੀ ਗਈ। ਇਸ ਚੈਕਿੰਗ ਦੌਰਾਂਣ ਸਟਾਫ ਦੀ ਹਾਜਰੀ, ਓ.ਪੀ.ਡੀ. ਸੇਵਾਵਾਂ, ਦਵਾਈਆਂ, ਲੈਬ ਟੈਸਟ ਅਤੇ ਆਨ ਲਾਈਨ ਰਿਕਾਰਡ ਦੀ ਜਾਂਚ ਕੀਤੀ ਗਈ। ਇਸਤੋਂ ਇਲਾਵਾ ਮੌਕੇ ਤੇ ਮੌਜੂਦ ਮਰੀਜਾਂ ਕੋਲੋ ਪੁਛ-ਗਿਛ ਕੀਤੀ ਗਈ ਅਤੇ ਨਾਲ ਹੀ ਦਵਾਈ ਲੈਕੇ ਗਏ ਮਰੀਜਾਂ ਨੂੰ ਫੋਨ ਕਰਕੇ ਮਿਲ ਰਹੀਆਂ ਸਹੂਲਤਾਂ ਪ੍ਰਤੀ ਜਾਣਕਾਰੀ ਲਈ ਗਈ। ਇਸ ਪੜਤਾਲ ਉਪਰੰਤ ਸਿਵਲ ਸਰਜਨ ਡਾ ਕਿਰਨਦੀਪ ਕੌਰ ਨੇ ਕਿਹਾ ਸਿਹਤ ਵਿਭਾਗ ਅੰਮ੍ਰਿਤਸਰ ਲੋਕਾਂ ਦੀ ਨਿਰੋਈ ਸਿਹਤ ਲਈ ਹਮੇਸ਼ਾਂ ਹੀ ਵਚਨਬੱਧ ਹੈ। ਉਹਨਾਂ ਸਮੂਹ ਸਟਾਫ ਨੂੰ ਸਮੇਂ ਦੇ ਪਾਬੰਦ ਰਹਿਣ, ਸਾਫ ਸਫਾਈ ਦਾ ਧਿਆਨ ਰੱਖਣ, ਮਰੀਜਾਂ ਨਾਲ ਚੰਗਾ ਵਿਵਹਾਰ ਕਰਨ ਅਤੇ ਸੇਵਾ ਭਾਵ ਨਾਲ ਕੰਮ ਕਰਨ ਲਈ ਹਿਦਾਇਤਾਂ ਜਾਰੀ ਕੀਤੀਆਂ। ਇਸ ਮੌਕੇ ਜਿਲਾ ਐਮ.ਈ.ਆਈ.ਓ. ਅਮਰਦੀਪ ਸਿੰਘ ਵੀ ਹਾਜਰ ਸਨ।

# ਬੈਂਕ ਵੱਲੋਂ ਅਸਲ ਰਜਿਸਟਰੀ ਗੁੰਮ ਕਰਨ ਦੇ ਸਬੰਧ ਵਿੱਚ ਇੱਕ ਲੱਖ ਰੁਪਏ ਹਰਜ਼ਾਨਾ ਅਤੇ ਪੰਦਰਾਂ ਸੌ ਰੁਪਏ ਖਰਚਾ ਮੁਕੱਦਮਾ ਅਦਾ ਕਰਨ ਦੇ ਹੁਕਮ

ਮਹਿਲ ਕਲਾਂ/ਬਰਨਾਲਾ (ਲੋਕ ਬਾਣੀ) ਮਾਨਯੋਗ ਉਪਭੋਗਤਾ ਕਮਿਸ਼ਨ ਬਰਨਾਲਾ ਦੇ ਪ੍ਰਧਾਨ ਅਸ਼ੀਸ਼ ਕੁਮਾਰ ਗਰੋਵਰ ਅਤੇ ਮੈਂਬਰ ਨਵਦੀਪ ਕੁਮਾਰ ਗਰਗ ਅਤੇ ਮੈਂਬਰ ਉਰਮਿਲਾ ਕੁਮਾਰੀ ਦੇ ਬੈਂਚ ਵੱਲੋਂ ਸਟੇਟ ਬੈਂਕ ਆਫ ਇੰਡੀਆ, ਐਸ.ਐਮ.ਈ. ਬਰਾਂਚ ਨੇੜੇ ਸਿਵਲ ਹਸਪਤਾਲ ਬਰਨਾਲਾ ਨੂੰ ਲੋਨ ਲੈਣ ਵਾਲੀ ਔਰਤ ਰਾਜ ਰਾਣੀ ਪਤਨੀ ਵਿਜੈ ਕੁਮਾਰ ਵਾਸੀ ਲੱਖੀ ਕਲੋਨੀ, ਬਰਨਾਲਾ ਦੀ ਅਸਲ ਰਜਿਸਟਰੀ ਗੁੰਮ ਕਰਨ ਦੇ ਸਬੰਧ ਵਿੱਚ 1,00,000/- ਰੁਪਏ ਹਰਜ਼ਾਨਾ ਅਤੇ 15,000/- ਰੁਪਏ ਖਰਚਾ ਮੁਕੱਦਮਾ ਅਦਾ ਕਰਨ ਦਾ ਹੁਕਮ ਸਾਦਰ ਫਰਮਾਇਆ ਗਿਆ। ਸ੍ਰੀ ਚੰਦਰ ਬਾਂਸਲ, ਐਡਵੋਕੇਟ, ਬਰਨਾਲਾ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਰਾਜ ਰਾਣੀ ਪਤਨੀ ਵਿਜੈ ਕੁਮਾਰ ਵਾਸੀ ਬਰਨਾਲਾ ਵੱਲੋਂ ਆਪਣੇ ਮਕਾਨ ਪਰ 10,50,000/- ਰੁਪਏ ਦਾ ਸਟੇਟ ਬੈਂਕ ਆਫ ਇੰਡੀਆ, ਐਸ.ਐਮ.ਈ. ਬਰਾਂਚ ਬਰਨਾਲਾ ਪਾਸੋਂ ਲੋਨ ਹਾਸਲ ਕੀਤਾ ਗਿਆ ਸੀ। ਜਿਸਦੇ ਸਬੰਧ ਵਿੱਚ ਆਪਣੀ ਅਸਲ ਰਜਿਸਟਰੀ ਬਤੌਰ ਗਾਰੰਟੀ ਬੈਂਕ ਪਾਸ ਜਮ੍ਹਾਂ ਕਰਵਾਈ ਗਈ ਸੀ । ਜੋ ਬਾਅਦ ਵਿੱਚ ਉਕਤ ਰਾਜ ਰਾਣੀ ਵੱਲੋਂ ਬੈਂਕ ਦੀ ਸਾਰੀ ਰਕਮ ਅਦਾ ਕਰਕੇ ਬਕਾਇਆ ਨਹੀਂ ਦਾ ਸਰਟੀਫਿਕੇਟ ਹਾਸਲ ਕੀਤਾ ਗਿਆ। ਪ੍ਰੰਤੂ ਬੈਂਕ ਵੱਲੋਂ ਅਸਲ ਰਜਿਸਟਰੀ ਇਹ ਕਹਿ ਕੇ ਕਿ ਗੁੰਮ ਹੋ ਗਈ ਹੈ, ਵਾਪਸ ਕਰਨ ਤੋਂ ਇਨਕਾਰ ਕਰ ਦਿੱਤਾ ਗਿਆ। ਇਸ ਤੋਂ ਬਾਦ ਰਾਜ ਰਾਣੀ ਵੱਲੋਂ ਸ਼੍ਰੀ ਚੰਦਰ ਬਾਂਸਲ, ਐਡਵੋਕੇਟ, ਬਰਨਾਲਾ ਰਾਹੀਂ ਸਟੇਟ ਬੈਂਕ




ਆਫ ਇੰਡੀਆ, ਐਸ.ਐਮ.ਈ. ਬਰਾਂਚ ਨੇੜੇ ਸਿਵਲ ਹਸਪਤਾਲ ਬਰਨਾਲਾ ਦੇ ਖਿਲਾਫ ਕੇਸ ਦਾਇਰ ਕੀਤਾ ਗਿਆ। ਜੋ ਮਾਨਯੋਗ ਉਪਭੋਗਤਾ ਕਮਿਸ਼ਨ ਨੇ ਚੰਦਰ ਬਾਂਸਲ ਐਡਵੋਕੇਟ ਦੀਆਂ ਦਲੀਲਾਂ ਨਾਲ ਸਹਿਮਤ ਹੁੰਦਿਆਂ ਹੋਇਆ ਕਿ ਬੈਂਕ ਨੇ ਆਪਣੇ ਜਵਾਬ ਦਾਵਾ ਵਿੱਚ ਰਜਿਸਟਰੀ ਗੁੰਮ ਹੋਣ ਦੀ ਗੱਲ ਨੂੰ ਖੁਦ ਮੰਨਿਆ ਹੈ। ਜੋ ਬੈਂਕ ਦੀ ਲਾਪਰਵਾਹੀ ਅਤੇ ਗਲਤੀ ਦਾ ਨਤੀਜਾ ਹੈ । ਬੈਂਕ ਦੀ ਗਲਤੀ ਕਾਰਨ ਰਾਜ ਰਾਣੀ ਬਿਨਾਂ ਅਸਲ ਰਜਿਸਟਰੀ ਤੋਂ ਨਾ ਤਾਂ ਆਪਣੀ ਪ੍ਰੋਪਰਟੀ ਕਿਸੇ ਪਾਸ ਅੱਗੇ ਵੇਚ ਸਕਦੀ ਹੈ ਅਤੇ ਨਾ ਹੀ ਕਿਸੇ ਹੋਰ ਬੈਂਕ ਪਾਸੋਂ ਜ਼ਰੂਰਤ ਪੈਣ ਤੇ ਕੋਈ ਲੋਨ ਹਾਸਲ ਕਰ ਸਕਦੀ ਹੈ।ਸਟੇਟ ਬੈਂਕ ਆਫ ਇੰਡੀਆ, ਐਸ.ਐਮ.ਈ. ਬਰਾਂਚ ਨੇੜੇ ਸਿਵਲ ਹਸਪਤਾਲ ਬਰਨਾਲਾ ਨੂੰ 1,00,000/- ਰੁਪਏ ਹਰਜ਼ਾਨਾ ਅਤੇ 15,000/- ਰੁਪਏ ਖਰਚਾ ਮੁਕੱਦਮਾ ਅਦਾ ਕਰਨ ਦਾ ਹੁਕਮ ਸਾਦਰ ਫਰਮਾਇਆ ਗਿਆ।

# ਮੈਡਮ ਨੀਰਜਾ ਨੇ ਸੰਭਾਲਿਆ ਉੱਪ ਜ਼ਿਲ੍ਹਾ ਸਿੱਖਿਆ ਅ.ਫਸਰ ਦਾ ਅਹੁਦਾ

ਬਰਨਾਲਾ, (ਲੋਕ ਬਾਣੀ) ) ਸਿੱਖਿਆ ਵਿਭਾਗ ਦੇ ਮੈਡਮ ਨੀਰਜਾ ਵੱਲੋਂ ਜ਼ਿਲ੍ਹਾ ਸਿੱਖਿਆ ਦਫ਼ਤਰ ਬਰਨਾਲਾ ਵਿਖੇ ਬਤੌਰ ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ (ਐਲੀਮੈਂਟਰੀ ਸਿੱਖਿਆ) ਦਾ ਅਹੁਦਾ ਸੰਭਾਲ ਲਿਆ ਗਿਆ ਹੈ।

ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਮੈਡਮ ਇੰਦੂ ਸਿਮਕ ਅਤੇ ਡਿਪਟੀ ਡੀਈਓ (ਸੈਕੰਡਰੀ) ਬਰਜਿੰਦਰ ਪਾਲ ਸਿੰਘ ਦੀ ਅਗਵਾਈ ਵਿੱਚ ਸਮੂਹ ਸਟਾਫ਼ ਵੱਲੋਂ ਨਵ ਨਿਯੁਕਤ ਡਿਪਟੀ ਡੀਈਓ ਮੈਡਮ ਨੀਰਜਾ ਦਾ ਸਵਾਗਤ ਕੀਤਾ ਗਿਆ। ਅਹੁਦਾ ਸੰਭਾਲਣ ਤੋਂ ਬਾਦ ਡਿਪਟੀ ਡੀਈਓ ਨੀਰਜਾ ਨੇ ਕਿਹਾ ਕਿ ਉਹਨਾਂ ਦੀ ਸਿੱਖਿਆ ਵਿਭਾਗ ਵਿੱਚ ਪਹਿਲੀ ਜੁਆਇਨਿੰਗ 1997 ਵਿੱਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਢਿੱਲਵਾਂ ਜ਼ਿਲ੍ਹਾ ਬਰਨਾਲਾ ਵਿਖੇ ਸਮਾਜਿਕ ਸਿੱਖਿਆ ਮਿਸਟਰਸ ਦੇ ਤੌਰ ਤੇ ਹੋਈ, 2006 ਵਿੱਚ ਤਰੱਕੀ ਉਪਰੰਤ ਬਤੌਰ ਮੁੱਖ ਅਧਿਆਪਕਾ ਸਰਕਾਰੀ ਕੰਨਿਆ ਹਾਈ ਸਕੂਲ, ਤਪਾ ਵਿਖੇ ਅਹੁਦਾ ਸੰਭਾਲਿਆ। ਉਸਤੋਂ ਬਾਦ 20 14 ਵਿੱਚ ਪਦਉੱਨਤ ਹੋ ਕੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਚੌਕੇ ਜ਼ਿਲ੍ਹਾ ਬਠਿੰਡਾ ਵਿਖੇ ਪ੍ਰਿੰਸੀਪਲ, 2024 ਵਿੱਚ ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ (ਐਲੀਮੈਂਟਰੀ ਸਿੱਖਿਆ) ਬਦਲੀ ਉਪਰੰਤ ਜ਼ਿਲ੍ਹਾ ਬਰਨਾਲਾ ਵਿਖੇ ਅਹੁਦਾ ਸੰਭਾਲਿਆ। ਉਹਨਾਂ ਕਿਹਾ ਕਿ ਜ਼ਿਲ੍ਹੇ ਵਿਚ ਸਿੱਖਿਆ ਸੁਧਾਰ ਮੁਹਿੰਮ ਨੂੰ ਹੋਰ ਤੇਜ਼ ਕਰਨ, ਸਿੱਖਿਆ ਵਿਭਾਗ ਤੇ ਪੰਜਾਬ ਸਰਕਾਰ ਦੇ ਹਰ ਪ੍ਰੋਜੈਕਟ ਨੂੰ ਲਾਗੂ ਕਰਨ



ਵਿੱਚ ਆਪਣਾ ਪੂਰਾ ਯੋਗਦਾਨ ਪਾਉਣਗੇ। ਜ਼ਿਲ੍ਹੇ ਦੇ ਕਿਸੇ ਵੀ ਕਰਮਚਾਰੀ ਦਾ ਸਿੱਖਿਆ ਦਫ਼ਤਰ ਨਾਲ ਸੰਬੰਧਿਤ ਸਹੀ ਕੰਮ ਪਹਿਲ ਦੇ ਅਧਾਰ ਤੇ ਕੀਤਾ ਜਾਵੇਗਾ। ਉਹਨਾਂ ਕਿਹਾ ਕਿ ਜ਼ਿਲ੍ਹੇ ਵਿੱਚ ਬੱਚਿਆਂ ਦੀ ਪੜ੍ਹਾਈ ਦੇ ਪੱਧਰ ਨੂੰ ਉੱਚਾ ਚੁੱਕਣ, ਗੁਣਾਤਮਕ ਸਿੱਖਿਆ ਦੇਣ ਅਤੇ ਵਿਸ਼ੇਸ਼ ਤੌਰ ਤੇ ਲੜਕੀਆਂ ਦੀ ਪੜ੍ਹਾਈ ਲਈ ਮਦਦ ਕਰਨ ਵਿੱਚ ਹਰ ਸੰਭਵ ਯਤਨ ਕੀਤਾ ਜਾਵੇਗਾ। ਇਸ ਮੌਕੇ ਪ੍ਰਿੰਸੀਪਲ ਵਸੁੰਧਰਾ ਕਪਿਲਾ, ਹਰੀਸ਼ ਬਾਂਸਲ, ਬੀਐਨਓ ਸੁਰੇਸ਼ਟਾ ਸ਼ਰਮਾ, ਡੀਟੀਐਫ ਦੇ ਜ਼ਿਲ੍ਹਾ ਪ੍ਰਧਾਨ ਰਾਜੀਵ ਕੁਮਾਰ, ਸਰਪੰਚ ਜਗਤਾਰ ਸਿੰਘ, ਨੀਰਜ ਸਿੰਗਲਾ, ਕੀਰਤੀ ਦੇਵ ਸ਼ਰਮਾ ਅਤੇ ਸਮੂਹ ਸਟਾਫ਼ ਮੌਜੂਦ ਰਿਹਾ।

# ਜੋਧਵਾਲ ਦੇ ਕੁਸ਼ਤੀ ਦੰਗਲ 'ਚ ਝੰਡੀ ਦੀ ਕੁਸ਼ਤੀ ਜੱਸਾ ਪੱਟੀ ਨੇ ਮੋਨੂੰ ਦਹੀਆ ਨੂੰ ਚਿੱਤ ਕਰਕੇ ਜਿੱਤੀ

ਸ੍ਰੀ ਮਾਛੀਵਾੜਾ ਸਾਹਿਬ-(ਲੋਕ ਬਾਣੀ) - ਇੱਥੋਂ ਨਜਦੀਕੀ ਪਿੰਡ ਜੋਧਵਾਲ ਵਿਖੇ ਪ੍ਰਾਚੀਨ ਗੁੱਗਾ ਦਰਬਾਰ ਛਿੰਝ ਕਮੇਟੀ ਵੱਲੋਂ ਹਰ ਸਾਲ ਦੀ ਤਰ੍ਹਾਂ ਛਿੰਝ ਕਮੇਟੀ, ਸਮੂਹ ਗਰਾਮ ਪੰਚਾਇਤਾਂ, ਸਮੂਹ ਨਗਰ ਨਿਵਾਸੀਆਂ, ਪ੍ਰਵਾਸੀ ਭਾਰਤੀਆਂ ਅਤੇ ਇਲਾਕਾ ਨਿਵਾਸੀਆਂ ਦੇ ਸਹਿਯੋਗ ਨਾਲ ਸਲਾਨਾ ਵਿਸ਼ਾਲ ਕੁਸਤੀ ਦੰਗਲ ਕਰਵਾਇਆ । ਇਸ ਸਬੰਧੀ ਨਰਿੰਦਰ ਸ਼ਰਮਾ ਪ੍ਰਧਾਨ, ਯੋਗੇਸ਼ ਸ਼ਰਮਾ, ਸੁਖਵਿੰਦਰ ਸੁੱਖੀ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਇਸ ਛਿੰਝ ਦੌਰਾਨ ਝੰਡੀ ਦੀ ਕੁਸਤੀ ਜੋ ਜੱਸਾ ਪੱਟੀ ਅਤੇ ਮੋਨੂੰ ਦਹੀਆ ਦੇ ਵਿਚਕਾਰ ਹੋਈ। ਗਹਿਗੱਚ ਮੁਕਾਬਲੇ ਤੋਂ ਬਾਅਦ ਜੱਸਾ ਪੱਟੀ ਨੇ ਮੋਨੂੰ ਦਹੀਆ ਨੂੰ ਚਾਰੇ ਖਾਨੇ ਚਿੱਤ ਕਰਕੇ ਝੰਡੀ ਦੀ ਕੁਸ਼ਤੀ ਤੇ ਕਬਜਾ ਕਰ ਲਿਆ। ਇੱਕ ਹੋਰ ਕੁਸਤੀ ਜੋ 21000 ਦੀ ਸੀ, ਵਿੱਚ ਗੁਰਨਾਮ ਮਾਛੀਵਾੜਾ ਨੇ ਜੋਤਾ ਲੱਲੀਆਂ ਨੂੰ ਅੰਕਾਂ ਦੇ ਅਧਾਰ ਤੇ ਹਰਾਇਆ। ਇਸ ਤੋਂ ਇਲਾਵਾ ਸਨੀ ਰਾਈਏਵਾਲ ਅਤੇ ਨਦੀਨ ਬਾਬਾ ਫਲਾਈ ਦਰਮਿਆਨ ਵੀ ਕੁਸਤੀ ਕਰਵਾਈ ਗਈ। ਇਸ ਛਿੰਝ ਮੇਲੇ ਦੀ ਕੁਮੈਂਟਰੀ ਮਨਜੀਤ ਸਿੰਘਕੰਗ ਦੁਆਰਾ ਕੀਤੀ ਗਈ।



ਇਸ ਸਮਾਗਮ ਵਿੱਚ ਵਿਸ਼ੇਸ਼ ਤੌਰ ਤੇ ਪੁੱਜੇ ਬਾਬਾ ਦੀਪਾ ਬਾਬਾ ਫਲਾਹੀ, ਜਸਪਾਲ ਸੈਣੀ, ਪੱਪਲ ਭਗਤ, ਬਾਬਾ ਰਣਜੀਤ ਸਿੰਘ, ਮਨਸਾ ਕੋਚ, ਰਮਨ ਸੈਣੀ, ਦਵਿੰਦਰ ਇਟਲੀ, ਵਿਪਨ ਕੈਨੇਡਾ, ਅਮਨ ਕੈਨੇਡਾ, ਮਨੀ ਘੁਮਾਣ, ਰਣਜੀਤ ਸਿੰਘ ਜਾਤੀਵਾਲ, ਬੂਟਾ ਸਿੰਘ ਏ. ਐਸ. ਆਈ, ਲਾਲਾ ਸੈਣੀ, ਬਿੰਦਰ ਇਟਲੀ, ਅਵਤਾਰ ਸਿੰਘ ਘੁੰਮਣ, ਗੁਰਦੀਪ ਸਿੰਘ ਰੋੜੇਵਾਲ, ਗਾਂਧੀ ਗਰੇਵਾਲ ਆਦਿ ਤੋਂ ਧਾਰਮਿਕ, ਰਾਜਨੀਤਿਕ, ਸਮਾਜਿਕ ਜਥੇਬੰਦੀਆਂ ਦੇ ਆਗੂ ਅਤੇ ਇਲਾਕੇ ਦੇ ਸਰਪੰਚ ਅਤੇ ਪੰਚਾਂ ਨੇ ਸ਼ਿਰਕਤ ਕੀਤੀ ਅਤੇ ਪ੍ਰਮੁੱਖ ਸ਼ਖਸ਼ੀਅਤਾਂ ਤੇ ਮੇਲੇ ਦੇ ਪੁੱਜੇ ਪਹਿਲਵਾਨਾਂ ਅਤੇ ਆਏ ਮਹਿਮਾਨਾਂ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਕੁਸ਼ਤੀ ਦੰਗਲ ਦੇ ਮੁੱਖ ਪ੍ਰਬੰਧਕ ਨਰਿੰਦਰ ਸ਼ਰਮਾ ਪ੍ਰਧਾਨ, ਸੁਖਵਿੰਦਰ ਸੁੱਖੀ, ਯੁਗੇਸ਼ ਸ਼ਰਮਾ, ਲੱਕੀ ਸੈਣੀ, ਜਸਪਾਲ ਸਿੰਘ, ਵਿਵੇਕ ਸ਼ਰਮਾ, ਟੇਕ ਚੰਦ ਸ਼ਰਮਾ, ਲਾਲਾ ਸੈਣੀ, ਬਲਵਿੰਦਰ ਸਿੰਘ ਘੁੰਮਣ, ਦਵਿੰਦਰ ਸਿੰਘ ਲੱਕੀ, ਸਰਬਜੀਤ ਸੈਣੀ, ਪਿੰਟੂ ਸ਼ਰਮਾ, ਸੁਮਨ ਨਾਗਰਾ, ਬੰਟੀ ਰਾਣਾ, ਬੱਬੂ ਸੈਣੀ ਆਦਿ ਹਾਜਰ ਸਨ ।

# ਢਿੱਲੋ ਵੱਲੋ ਪਿੰਡ ਜਸਤਨਾ ਕਲਾ ਵਿਖੇ ਨਗਰ ਖੇੜਾ ਕਮੇਟੀ ਨੂੰ 11 ਹਜਾਰ ਰੁਪਏ ਭੇਂਟ



ਡੇਰਾਬੱਸੀ, (ਲੋਕ ਬਾਣੀ)ਕਾਂਗਰਸਪਾਰਟੀ ਦੇ ਹਲਕਾ ਇੰਚਾਰਜ ਦੀਪਇੰਦਰ ਸਿੰਘ ਢਿਲੋਂ ਵੱਲੋ ਲਾਲੜੂ ਦੇ ਪਿੰਡ ਜਸਤਣਾ ਕਲਾ ਵਿਖੇ ਨਗਰ ਖੇੜਾ ਕਮੇਟੀ ਨੂੰ ਸਮਾਨ ਖਰੀਦਣ ਲਈ 11 ਹਜ਼ਾਰ ਰੁਪਏ ਦੀ ਰਾਸ਼ੀ ਭੇਟ ਕੀਤੀ। ਇਸ ਮੌਕੇ ਸ. ਢਿਲੋ ਨੇ ਕਿਹਾ ਕਿ ਇਸ ਪਿੰਡ ਨਾਲ ਉਨਾਂ ਦੇ ਪਰਿਵਾਰਕ ਸਬੰਦ ਹਨ। ਉਨਾਂ ਕਿਹਾ ਕਿ ਸਾਰੇ ਧਰਮ ਸਤਿਕਾਰ ਯੋਗ ਹਨ। ਉਹਨਾਂ ਨੂੰ ਧਾਰਮਿਕ ਸਥਾਨ ਨਗਰ ਖੇੜਾ ਜੀ ਦੀ ਸੇਵਾ ਵਿਚ ਹਿੱਸਾ ਪਾ ਕਿ ਬਹੁਤ ਸਕੂਨ ਮਿਲਿਆ ਹੈ। ਢਿੱਲੋ ਨੇ ਕਿਹਾ ਕਿ ਧਾਰਮਿਕ ਸਥਾਨ ਹੀ ਸਾਨੂ ਜੀਵਨ ਜੀਣ ਦੀ ਸਿੱਖਿਆ ਦਿੰਦੇ ਹਨ ਅਤੇ ਆਪਸ ਵਿਚ ਭਾਈਚਾਰਕ ਸਾਂਝ ਬਣੀ ਰਹਿੰਦੀ ਹੈ। ਇਸ ਮੌਕੇ ਵਿਕਰਮਜੀਤ ਸਿੰਘ ਪ੍ਰਧਾਨ, ਸੁਰਜੀਤ ਸਿੰਘ ਨੰਬਰਦਾਰ, ਗੁਰਮੇਲ ਸਿੰਘ, ਸਤਵੰਤ ਸਿੰਘ, ਕੁਲਦੀਪ ਸਿੰਘ, ਜਸਵੀਰ ਸਿੰਘ,, ਪਾਲ ਸਿੰਘ , ਨਿਰਮੈਲ ਸਿੰਘ, ਅਮਰਜੀਤ ਸਿੰਘ ਅਤੇ ਹੋਰ ਪਿੰਡ ਦੇ ਪਤਵੰਤੇ ਸੱਜਣ ਵੀ ਹਾਜ਼ਰ ਸਨ।